
ਸੁਨੇਹੜਾ ਪਿਆਰ ਦਾ!

# ਸੁੱਖੀਨਾਮਾ™

## ਸੁੱਖੀ ਬਾਠ ਦਾ ਜੀਵਨ, ਮਿਸ਼ਨ, ਕੰਮ ਅਤੇ ਪ੍ਰੇਰਣਾਦਾਇਕ ਕਹਾਵਤਾਂ

ਪਹਿਲਾ ਐਡੀਸ਼ਨ

ਐਸ਼ਕ੍ਰਮ ਐਸ਼ਵਿਕ (ਐਸ਼)



ਸੰਪਾਦਨ ਸਹਿਯੋਗ:
ਜਰਨੈਲ ਸਿੰਘ ਸੇਖਾ

© 2022-2023 ਸਾਰੇ ਕਾਪੀਰਾਈਟਸ ਰਾਖਵੇਂ ਅਤੇ ਰਜਿਸਟਰਡ ਹਨ।

**ਐਸ਼ਕੁਮ ਐਸ਼ਵਿਕ (ਐਸ਼)**

ਸਮਾਜ-ਵਿਗਿਆਨੀ, ਭਾਸ਼ਾ ਵਿਗਿਆਨੀ ,ਕਵੀ ਅਤੇ ਜੀਵਨੀ ਲੇਖਕ

**ASHKUM ASHWICK (ASH)**

Sociologist, Linguist, Poet and Monographer

Published and Printed at: IngramSpark

**ISBN: 978-1-0881-7273-5**

ਇਸ ਪੁਸਤਕ ਦਾ ਕੋਈ ਵੀ ਭਾਗ ਲੇਖਕ ਤੋਂ ਲਿਖ਼ਤੀ ਰੂਪ ਵਿੱਚ ਮਨਜ਼ੂਰੀ ਲਏ ਬਿਨਾਂ ਨਾ ਤਾਂ ਪ੍ਰਕਾਸ਼ਿਤ ਕੀਤਾ ਜਾ ਸਕਦਾ ਹੈ, ਨਾ ਵੰਡਿਆ ਜਾ ਸਕਦਾ ਹੈ ਤੇ ਨਾ ਕਿਸੇ ਵੀ ਹੋਰ ਰੂਪ ਵਿਚ ਜਿਵੇਂ ਕਿ ਫੋਟੋ-ਕਾਪੀਆਂ, ਰਿਕਾਰਡਿੰਗਜ਼ ਜਾਂ ਕਿਸੇ ਵੀ ਇਲੈਕਟ੍ਰਾਨਿਕ ਜਾਂ ਮਕੈਨੀਕਲ ਮਾਧਿਅਮ ਰਾਹੀਂ ਕਿਸੇ ਨੂੰ ਮੁਹੱਈਆ ਕਰਾਇਆ ਜਾ ਸਕਦਾ ਹੈ। ਲੇਖਕ ਤੋਂ ਇਜਾਜ਼ਤ ਲੈਣ ਲਈ ਹੇਠਾਂ ਦਿੱਤੇ ਪਤੇ 'ਤੇ ਲਿਖੋ।

ASHKUM ASHWICK (ASH)

HEALTHOROUGH LLC

PO BOX 53498

SAN JOSE, CA 95153 USA

# ਸਮਰਪਣ

ਸੁੱਖੀ ਬਾਠ ਦੇ ਸਤਿਕਾਰਯੋਗ ਮਾਪਿਆਂ ਨੂੰ ਜਿਨ੍ਹਾਂ ਨੇ ਇੱਕ ਸ਼ੇਰ ਪੰਜਾਬੀ ਪੁੱਤਰ ਨੂੰ ਜਨਮ ਦਿੱਤਾ ਜੋ ਮਾਂ ਬੋਲੀ ਪੰਜਾਬੀ, ਪੰਜਾਬੀਅਤ ਅਤੇ ਸੱਭਿਆਚਾਰ ਲਈ ਪਿਆਰ ਦਾ ਪ੍ਰਤੀਕ ਬਣ ਨਿਕਲਿਆ! ਜਿਸ ਕੋਲ ਮਿਹਨਤ ਸਦਕਾ ਹੁਣ ਪਰਮਾਤਮਾ ਦੀ ਅਸੀਮ ਬਖਸ਼ਿਸ਼ ਨਾਲ ਸਭ ਕੁਝ ਹੈ, ਜਿਸ ਨੂੰ ਉਹ ਗ਼ਰੀਬ ਲੋੜਵੰਦਾਂ ਵਿੱਚ ਵੰਡਣਾ ਹੀ ਆਪਣਾ ਧਰਮ ਸਮਝਦਾ ਹੈ। ਉਹ ਇੱਕ ਮੁਹੱਬਤ ਰੂਪੀ ਠਾਠਾਂ ਮਾਰਦੇ ਦਰਿਆ ਵਾਂਗ ਹੈ ਜੋ ਮਨੁੱਖਤਾ ਦੇ ਸਾਰੇ ਗ਼ਮ ਆਪਣੀਆਂ ਲਹਿਰਾਂ 'ਚ ਸਮੇਟ ਲੈਣਾ ਚਾਹੁੰਦਾ ਹੈ।



# ਸੁੱਖੀ ਬਾਠ



ਡਾ. ਲਖਵਿੰਦਰ ਸਿੰਘ ਜੌਹਲ　ਡਾ. ਹਰਪਾਲ ਸਿੰਘ ਪੰਨੂ　ਡਾ. ਗੁਰਬਖਸ਼ ਸਿੰਘ ਭੰਡਾਲ

ਇਸ ਪੁਸਤਕ ਬਾਰੇ
ਸਾਡੇ ਸੁਹਿਰਦ ਵਿਚਾਰ
ਅਗਾਂਹ ਪੜ੍ਹੋ ਜੀ...



ਡਾ. ਲਖਵਿੰਦਰ ਸਿੰਘ ਜੌਹਲ

ਸਰਬ ਸਾਂਝੀਵਾਲਤਾ ਵਾਲੀ ਸਰਬ ਵਿਆਪੀ ਪਰੰਪਰਾ ਨੂੰ ਆਪਣੀ ਜੀਵਨ ਜਾਚ ਬਣਾ ਕੇ ਪਰਉਪਕਾਰੀ ਭਾਵਨਾ ਨਾਲ ਪੰਜਾਬੀਅਤ ਦੀ ਸੇਵਾ ਕਰਨ ਵਾਲੇ ਅਦਭੁੱਤ ਇਨਸਾਨ ਸੁੱਖੀ ਬਾਠ ਦੀ ਜੀਵਨ-ਕਥਾ ਅਤੇ ਕਾਰਜ-ਕਥਾ ਨੂੰ ਇਕ ਵੱਡ ਅਕਾਰੀ ਅਤੇ ਮਿਆਰੀ ਪੁਸਤਕ ਵਿੱਚ ਸੰਜੋਅ ਕੇ, ਐਸ਼ ਨੇ ਇਕ ਵਡਮੁੱਲਾ ਕਾਰਜ ਨਿਭਾਇਆ ਹੈ। ਇਹ ਪੁਸਤਕ ਇਕ ਅਜਿਹਾ ਪ੍ਰੇਰਨਾ ਸਰੋਤ ਹੈ, ਜੋ ਨਵੀਂ ਪੀੜ੍ਹੀ ਲਈ ਵਰਦਾਨ ਹੈ। ਇਸ ਪੁਸਤਕ ਦੇ ਪੰਨਿਆਂ ਵਿੱਚੀਂ ਗੁਜ਼ਰਦਿਆਂ ਜਦੋਂ ਸ਼ਬਦਾਂ ਦੀ ਸਰਸਰਾਹਟ ਜਜ਼ਬਿਆਂ ਨੂੰ ਸਪਰਸ਼ ਕਰਦੀ ਹੈ ਤਾਂ ਮਨਾਂ ਵਿਚ ਵਸਦਾ ਪੰਜਾਬੀਅਤ ਦਾ ਮੋਹ ਅਤੇ ਮਮਤਾ ਆਪ ਮੁਹਾਰੇ ਫੁੱਟ-ਫੁੱਟ ਪੈਂਦੇ ਹਨ। ਸੁੱਖੀ ਬਾਠ ਦਾ ਆਪਣਾ ਕਥਨ ਹੈ:-

" ਮੁਹੱਬਤਾਂ ਦੇ ਗਾਹਕ ਹਰ ਜਗ੍ਹਾ ਹੁੰਦੇ ਨੇ,
ਦਿਲ ਦੀ ਦੁਕਾਨ ਬੱਸ ਖੋਲ੍ਹਣ ਦੀ ਦੇਰ ਹੈ। "

ਇਸ ਪੁਸਤਕ ਦੀ ਰਚਨਾ ਕਰਕੇ ਐਸ਼ ਨੇ ਪੰਜਾਬੀ ਸਮਾਜ ਅਤੇ ਪੰਜਾਬੀ ਸਾਹਿਤ ਨੂੰ ਹੋਰ ਭਰਪੂਰ ਕਰਦਿਆਂ ਇਕ ਅਦੁੱਤੀ ਮਿਸਾਲ ਪੇਸ਼ ਕੀਤੀ ਹੈ।

ਡਾ. ਲਖਵਿੰਦਰ ਸਿੰਘ ਜੌਹਲ
ਪ੍ਰਧਾਨ,
ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ



ਡਾ. ਹਰਪਾਲ ਸਿੰਘ ਪੰਨੂ

ਕਨਫਿਊਸ਼ਿਅਸ ਨੂੰ ਪੁੱਛਿਆ — ਕਿਸ ਬਿਧ ਤੁਹਾਡੇ ਕੋਲ ਇੰਨੀ ਦਾਨਿਸ਼ਵਰੀ ਕਿੱਥੋਂ ਆਈ ਹਜ਼ੂਰ? ਉਹ ਬੋਲੇ — ਕੋਈ ਪਰੀ ਅਕਾਸ਼ ਵਿਚੋਂ ਕਿਤਾਬ ਲੈ ਕੇ ਨਹੀਂ ਉਤਰੀ। ਕੋਈ ਦੇਵਤਾ ਅਸੀਸ ਲੈ ਕੇ ਮੇਰੇ ਕੋਲ ਨਹੀਂ ਉਤਰਿਆ। ਮੈਂ ਧਿਆਨ ਨਾਲ ਦੇਖਿਆ ਦਰਿਆ ਕੋਲ ਸਮੁੰਦਰ ਤੱਕ ਪੁੱਜਣ ਦੇ ਰਸਤੇ ਦਾ ਕੋਈ ਨਕਸ਼ਾ ਨਹੀਂ ਸੀ। ਪਰ ਉਹ ਸਮੁੰਦਰ ਤੱਕ ਪੁੱਜਿਆ ਕਿਉਂਕਿ ਸਮੁੰਦਰ ਉਸਦੀ ਕਿਸਮਤ ਵਿਚ ਲਿਖਿਆ ਹੋਇਆ ਸੀ। ਸੁਖੀ ਬਾਠ ਬਾਰੇ ਜਾਣਿਆ, ਪੜ੍ਹਿਆ, ਦੋਸਤਾਂ ਨਾਲ ਵਿਚਾਰ ਵਟਾਂਦਰਾ ਹੁੰਦਾ ਰਿਹਾ। ਉਸਦੇ ਜਨਮ, ਮੁਢਲੀ ਵਿਦਿਆ, ਸੰਘਰਸ਼, ਸਭ ਨੂੰ ਪ੍ਰਣਾਮ, ਪਰ ਕੁਦਰਤ ਵੀ ਤਾਂ ਉਸ ਨੂੰ ਉੱਚਾ ਮਰਤਬਾ ਦੇਣ ਦਾ ਫੈਸਲਾ ਕਰ ਚੁੱਕੀ ਸੀ। ਲੋਕ ਅਕਸਰ ਨਾਇਕ ਦੀ ਜੱਦੋ-ਜਹਿਦ ਵਲ ਤਵੱਜੋ ਦਿੰਦੇ ਹਨ ਜੋ ਗ਼ਲਤ ਨਹੀਂ ਪਰ ਕੁਦਰਤ ਉਸ ਉੱਤੇ ਵੱਖਰੀ ਮਿਹਨਤ ਕਰ ਰਹੀ ਹੈ, ਇਸ ਪਾਸੇ ਧਿਆਨ ਨਹੀਂ ਦਿੰਦੇ। ਸੁੱਖੀ ਬਾਠ ਦੀਆਂ ਪ੍ਰਾਪਤੀਆਂ ਵਾਸਤੇ ਕੁਦਰਤ ਨੂੰ ਸਲਾਮ।

ਐਸ਼ ਦੁਆਰਾ ਲਿਖੀ ਕਿਤਾਬ 'ਸੁੱਖੀਨਾਮਾ' ਉਹਨਾਂ ਵਲੋਂ ਸੁੱਖੀ ਬਾਠ ਦੇ ਪ੍ਰੇਮ ਉਪਰ ਆਧਾਰਿਤ ਅਭਿਨੰਦਨ ਗ੍ਰੰਥ ਹੈ ਜੋ ਪਾਠਕ ਪੜ੍ਹਨਗੇ ਅਤੇ ਦਾਦ ਦੇਣਗੇ, ਅਜਿਹਾ ਮੇਰਾ ਵਿਸ਼ਵਾਸ ਹੈ। ਵਧੀਆ ਕਾਗਜ਼, ਵਧੀਆ ਛਪਾਈ ਅਤੇ ਤਸਵੀਰਾਂ ਇਸ ਦੀ ਸ਼ੋਭਾ ਵਿਚ ਵਾਧਾ ਕਰ ਰਹੀਆਂ ਹਨ।

5 ਸਤੰਬਰ, 2023
ਅਧਿਆਪਕ ਦਿਵਸ

ਡਾ. ਹਰਪਾਲ ਸਿੰਘ ਪੰਨੂ
(ਆਸਟ੍ਰੇਲੀਆ)




**ਸੁੱਖੀ ਬਾਠ ਪ੍ਰਤੀ ਮੋਹ-ਨਾਮਾ, ''ਐਸ਼'' ਦੀ ਵੱਡ-ਅਕਾਰੀ, ਸੁਚਿੱਤਰ ਅਤੇ ਕਾਵਿਕ ਰੰਗਣ ਵਾਲੀ ਪੁਸਤਕ ਹੈ ਜੋ ਸੁੱਖੀ ਬਾਠ ਦੇ ਜੀਵਨ ਦੀਆਂ ਵਿਭਿੰਨ ਪਰਤਾਂ ਨੂੰ ਫਰੋਲਦੀ ਹੈ। ਪੇਂਡੂ ਜੁਆਕ ਦਾ ਕੈਨੇਡਾ ਵਿਚ ਆ ਕੇ ਆਪਣੀ ਮਿਹਨਤ ਅਤੇ ਲਗਨ ਨਾਲ ਸਥਾਪਤ ਕੀਤੇ ਵੱਡੇ ਬਿਜਨੈੱਸ ਤੋਂ ਇਲਾਵਾ ਉਸਦੇ ਮਾਨਵਤਾ ਭਰਪੂਰ ਕਾਰਜਾਂ ਦੀ ਜਾਣਕਾਰੀ ਨੂੰ 'ਸੁਖਾਵਤਾਂ' ਰਾਹੀਂ ਪੇਸ਼ ਕਰਨਾ ''ਐਸ਼'' ਦੀ ਕਾਵਿ-ਪ੍ਰਤਿਭਾ ਨੂੰ ਪ੍ਰਗਟਾਉਂਦੀ ਹੈ। ਇਸ ਤੋਂ ਇਲਾਵਾ ਪਿਛਲੇ ਸੱਤ ਕੁ ਸਾਲਾਂ ਤੋਂ ਸੁੱਖੀ ਬਾਠ ਵਲੋਂ ਪੰਜਾਬੀ ਭਵਨ ਸਰੀ, ਕੈਨੇਡਾ ਰਾਹੀਂ ਪੰਜਾਬੀ ਅਦਬ ਦੀ ਕੀਤੀ ਜਾ ਰਹੀ ਸੇਵਾ ਅਤੇ ਸਾਹਿਤਕਾਰਾਂ ਦੀਆਂ ਮਿਲਣੀਆਂ ਰਾਹੀਂ ਪੰਜਾਬੀ ਮਾਂ ਬੋਲੀ ਪ੍ਰਤੀ ਅਰਪਿੱਤਾ ਦਾ ਉਲੇਖ ਵੀ ਹੈ। ਉਮੀਦ ਹੈ ਕਿ ਇਸ ਪ੍ਰੇਰਨਾਦਾਇਕ ਲਿਖਤ ਨੂੰ ਪੜ੍ਹ ਕੇ ਨੌਜ਼ਵਾਨ ਪੀੜ੍ਹੀ ਕੁਝ ਨਰੋਇਆ ਅਤੇ ਚੰਗੇਰਾ ਕਰਨ ਦਾ ਸੁਪਨਾ ਲਵੇਗੀ ਅਤੇ ਸਿਰੜ, ਸਾਧਨਾ ਤੇ ਸਮਰਪਿੱਤਾ ਨਾਲ ਸੁਪਨਿਆਂ ਦਾ ਸੱਚ ਵਕਤ ਦੇ ਸਫ਼ੇ 'ਤੇ ਲਿਖੇਗੀ। "ਸੁੱਖੀ" ਦੀ ਹੇਠਲੀ 'ਸੁਖਾਵਤ' ਇਸ ਪੁਸਤਕ ਦਾ ਕੇਂਦਰੀ ਭਾਵ ਹੈ।**

**" ਆਓ ਦਿਲਾਂ 'ਚ ਮੁਹੱਬਤਾਂ ਦੇ ਦੀਵੇ ਬਾਲ਼ੀਏ,**
**ਡਿਗਦੇ ਢਹਿੰਦੇ ਨੂੰ ਬਾਹੋਂ ਫੜ ਕੇ ਉਠਾਲ਼ੀਏ। "**

**ਡਾ. ਗੁਰਬਖਸ਼ ਸਿੰਘ ਭੰਡਾਲ**
**ਕਲੀਵਲੈਂਡ ਯੂਨੀਵਰਸਿਟੀ, ਓਹਾਇਓ (ਯੂ.ਐੱਸ.ਏ)**

# ਵਿਸ਼ਾ-ਸੂਚੀ


12 ਪੁਸਤਕ ਬਾਰੇ ਜਾਣਕਾਰੀ

15 ਸੰਪਾਦਨ ਸਹਿਯੋਗੀ ਬਾਰੇ ਜਾਣਕਾਰੀ

21 ਲੇਖਕ ਬਾਰੇ ਜਾਣਕਾਰੀ

25 ਸੁੱਖੀ ਬਾਠ: ਜਾਣ-ਪਛਾਣ

29 ਪਰਦੇਸ (ਕੈਨੇਡਾ) ਨੂੰ ਕੂਚ

34 ਨਿੱਜੀ ਵਿਚਾਰਧਾਰਾ

40 ਮਾਂ ਬੋਲੀ ਤੇ ਸੱਭਿਆਚਾਰ ਨਾਲ ਪਿਆਰ

46 ਵਿਦੇਸ਼ ਬਨਾਮ ਪੰਜਾਬ

62 ਬਿਜ਼ਨਿਸ ਅਦਾਰੇ

# ਵਿਸ਼ਾ-ਸੂਚੀ

65 ਸੁੱਖੀ ਬਾਠ ਫਾਊਂਡੇਸ਼ਨ

70 ਐੱਨ. ਆਰ. ਆਈ ਸਲਿਊਸ਼ਨਜ

72 ਸਮਾਜ ਸੇਵਾ ਦੇ ਕੰਮ

79 ਪ੍ਰੇਰਣਾ ਕਿੱਥੋਂ ਮਿਲੀ ?

80 ਸਿਰਜਣਾਤਮਕ ਸੋਚ

94 ਪੰਜਾਬ-ਪ੍ਰੇਮ

97 ਕੋਵਿਡ ਕਿਵੇਂ ਲੰਘਿਆ?

103 ਪੰਜਾਬ ਭਵਨ ਸਥਾਪਨਾ

114 ਸਾਰ-ਤੱਤ

# ਵਿਸ਼ਾ-ਸੂਚੀ


119 ਸੁੱਖੀ ਬਾਠ ਦੀਆਂ ਪ੍ਰੇਰਣਾਦਾਇਕ ਕਹਾਵਤਾਂ

130 ਪੰਜਾਬੀ ਭਾਸ਼ਾ ਨੂੰ ਉਤਸਾਹਤ ਕਰਨ ਵਾਲੀਆਂ ਕਹਾਵਤਾਂ

168 ਪੰਜਾਬ ਪਿਆਰ ਦੀਆਂ ਕਹਾਵਤਾਂ

191 ਸਮਾਜ ਭਲਾਈ ਦੇ ਕੰਮ ਦੀਆਂ ਕਹਾਵਤਾਂ

216 ਆਮ ਜੀਵਨ ਦੀਆਂ ਸਬਕ-ਕਹਾਵਤਾਂ

247 ਵਪਾਰ ਅਤੇ ਕਾਰੋਬਾਰ ਪ੍ਰਬੰਧਨ ਕਹਾਵਤਾਂ

255 ਲੇਖਕ ਦੀਆਂ ਲੋਕ-ਅਰਪਣ ਹੋ ਚੁਕੀਆਂ ਪੰਜਾਬੀ ਪੁਸਤਕਾਂ

257 ਲੇਖਕ ਦੀਆਂ ਆਉਣ ਵਾਲੀਆਂ ਪੁਸਤਕਾਂ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਪੁਸਤਕਾਂ


261 ਲੇਖਕ ਦੀਆਂ ਕੁਝ ਸਵੈ-ਪ੍ਰਕਾਸ਼ਿਤ ਅੰਗਰੇਜ਼ੀ ਪੁਸਤਕਾਂ

# ਵਿਸ਼ਾ-ਸੂਚੀ

264 ਹਵਾਲੇ

267 ਸਹਿਯੋਗੀ, ਜਿਨ੍ਹਾਂ ਤੇ ਲੇਖਕ ਨੂੰ ਮਾਣ ਹੈ

269 ਬੇਦਾਅਵਾ ਘੋਸ਼ਣਾ



# ਪੁਸਤਕ ਬਾਰੇ ਜਾਣਕਾਰੀ

# ਪੁਸਤਕ ਬਾਰੇ ਜਾਣਕਾਰੀ

ਤੁਸੀਂ ਸ਼ਾਇਦ ਆਪਣੀ ਜ਼ਿੰਦਗੀ ਵਿਚ ਨਾਵਲ ਜਾਂ ਕਹਾਣੀਆਂ ਦੀਆਂ ਕੁਝ ਕਿਤਾਬਾਂ ਦੇਖੀਆਂ ਜਾਂ ਪੜ੍ਹੀਆਂ ਹੋਣਗੀਆਂ ਜਿਨ੍ਹਾਂ ਨੇ ਤੁਹਾਡੀ ਸ਼ਖ਼ਸੀਅਤ ਨੂੰ ਟੁੰਬਿਆ ਹੋਵੇ ਜਾਂ ਸ਼ਾਇਦ ਨਾ ਟੁੰਬਿਆ ਹੋਵੋ। ਪਰ, ਇਹ ਗੱਲ ਪੱਥਰ 'ਤੇ ਲਕੀਰ ਹੈ ਕਿ ਇਹ ਕਿਤਾਬ ਤੁਹਾਡੀ ਜ਼ਿੰਦਗੀ ਨੂੰ ਜ਼ਰੂਰ ਟੁੰਬੇਗੀ! ਅਜਿਹੀ ਕਿਤਾਬ ਨੂੰ ਜ਼ਿੰਦਗੀ ਵਿਚ ਇਕ ਵਾਰ ਹੱਥ ਵਿਚ ਫੜਨਾ ਤੇ ਪੜ੍ਹਨਾ ਸਾਡੇ ਵਰਗੇ ਨਿਮਾਣਿਆਂ ਲਈ ਬੜੇ ਹੀ ਮਾਣ ਦੀ ਗੱਲ ਹੈ। ਇਹ ਕਿਤਾਬ ਇਕ ਕਮਾਲ ਦੇ ਵਿਅਕਤੀ ਦੀ ਜੀਵਨੀ ਦਰਸਾਉਂਦੀ ਹੈ। ਇਹ ਕਿਤਾਬ ਇੱਕ ਅਜਿਹੇ ਵਿਅਕਤੀ ਬਾਰੇ ਹੈ ਜਿਸ ਨੇ ਜੀਵਨ ਦੀ ਸ਼ੁਰੂਆਤ ਭਾਰਤ ਦੇ ਪੰਜਾਬ ਦੇ ਇਕ ਪਿੰਡ ਦੇ ਬਹੁਤ ਹੀ ਸਾਧਾਰਣ ਬੰਦੇ ਦੇ ਰੂਪ ਵਿਚ ਕੀਤੀ ਸੀ, ਪਰ ਅੱਗੇ ਚੱਲ ਕੇ ਉਹ ਆਸਮਾਨ ਦੀ ਉਚਾਈਆਂ ਨੂੰ ਛੂਹ ਗਿਆ। ਉਹ ਆਪਣੇ ਘਰ, ਪਿੰਡ ਦੇ ਖੇਤਾਂ, ਅੱਠ ਭੈਣਾਂ, ਹਾਣੀਆਂ, ਮਾਤਾ-ਪਿਤਾ ਅਤੇ ਆਲੇ ਦੁਆਲੇ ਦੇ ਪਿੰਡਾਂ ਨਾਲ ਅੰਤਾਂ ਦਾ ਪਿਆਰ ਕਰਦਾ ਹੈ। ਉਹ ਹਰ ਚੀਜ਼ ਦੀ ਪ੍ਰਫੁੱਲਤਾ ਲੋੜਦਾ ਸੀ, ਪਰ ਉਸ ਦੇ ਰਾਹ ਦਾ ਰੋੜਾ ਸੀ ਸ੍ਰੋਤਾਂ ਦਾ ਹੀਣਾ ਹੋਣਾ ਜਾਂ ਵਸੀਲਿਆਂ ਦੀ ਘਾਟ ਹੋਣੀ। ਉਸ ਦੀਆਂ ਆਪਣੀਆਂ ਅਭਿਲਾਸ਼ਾਵਾਂ ਸਨ। ਆਪਣੇ ਕੁਨਬੇ ਭਾਵ ਪਰਿਵਾਰ ਦੀ ਮਨਸ਼ਾ ਦੇ ਉਲਟ, ਉਸ ਨੇ ਕਾਲਜ ਤੋਂ ਕਿਨਾਰਾ ਕਰ ਲਿਆ ਅਤੇ ਪੈਸਾ ਕਮਾਉਣ ਅਤੇ ਆਪਣੇ ਪਰਿਵਾਰ ਦਾ ਸਹਾਰਾ ਬਣਨ ਖ਼ਾਤਰ ਕੈਨੇਡਾ ਜਾਣ ਦਾ ਇਰਾਦਾ ਕੀਤਾ। ਉਹ ਸਫ਼ਲਤਾ ਦੀ ਚੋਟੀ 'ਤੇ ਪਹੁੰਚਿਆ ਅਤੇ ਅਣਥੱਕ ਮਿਹਨਤ ਕਰ ਕੇ ਅਤੇ ਪੂਰੀ ਤਰ੍ਹਾਂ ਸਮਰਪਿਤ ਹੋ ਕੇ ਉਸ ਨੇ ਆਪਣੇ ਕਾਰੋਬਾਰ ਦਾ ਬੁਲੰਦ ਸਾਮਰਾਜ ਖੜ੍ਹਾ ਕੀਤਾ। ਪੰਜਾਬੀਅਤ ਇਸ ਕਮਾਲ ਦੇ ਸ਼ਖ਼ਸ ਦੇ ਸਾਹਾਂ ਵਿਚ ਵੱਸਦੀ ਹੈ।

ਉਹ ਆਪਣੀ ਮਾਂ-ਬੋਲੀ ਪੰਜਾਬੀ ਕੋਲ ਜਾਂਦਾ ਹੈ, ਉਸ ਨਾਲ ਵਾਰਤਾਲਾਪ ਕਰਦਾ ਹੈ, ਅਤੇ ਉਸ ਦੇ ਪਿੱਛੇ-ਪਿੱਛੇ ਜਾਂਦਾ ਹੈ। ਉਹ ਮੰਨਦਾ ਹੈ ਕਿ ਕਿਸੇ ਗ਼ਰੀਬ ਤੋਂ ਬਿਹਤਰ ਕੋਈ ਨਹੀਂ ਜਾਣਦਾ ਕਿ ਗ਼ਰੀਬ ਹੋਣਾ ਕੀ ਹੁੰਦਾ ਹੈ ਜਾਂ ਆਪਣੇ ਪਿੰਡ, ਆਪਣੇ ਰਾਜ ਜਾਂ ਦੇਸ਼ ਤੋਂ ਬਾਹਰ ਜਾ ਕੇ ਰਹਿਣਾ ਕਿੱਦਾਂ ਦਾ ਲੱਗਦਾ ਹੈ। ਅੱਜ ਉਸ ਦੀ ਜ਼ਿੰਦਗੀ ਵਿਚ ਕਿਸੇ ਚੀਜ਼ ਦੀ ਕਮੀ ਨਹੀਂ ਹੈ, ਉਸ ਵਾਹਿਗੁਰੂ ਨੇ ਉਸ ਦੀ ਝੋਲ਼ੀ ਬਰਕਤਾਂ ਨਾਲ ਨੱਕੋ-ਨੱਕ ਭਰ ਦਿੱਤੀ ਹੈ। ਉਹ ਆਪਣੀਆਂ ਚੀਜ਼ਾਂ ਜਾਂ ਸਾਧਨਾਂ ਨੂੰ ਉਨ੍ਹਾਂ ਲੋੜਵੰਦਾਂ ਨਾਲ ਸਾਂਝਾ ਕਰਨ ਵਿਚ ਵਿਸ਼ਵਾਸ ਰੱਖਦਾ ਹੈ ਜੋ ਇਨ੍ਹਾਂ ਤੋਂ ਵਾਂਝੇ ਹਨ। ਉਸ ਵਿਚ ਸਰਬਪੱਖੀ ਗੁਣਾਂ ਦਾ ਦਰਿਆ ਉਛਾਲੇ ਮਾਰਦਾ ਹੈ। ਉਸ ਦੇ ਵਿਚਾਰ ਅਸਾਧਾਰਣ ਸਭਿਆਚਾਰਕ ਬੁੱਧੀ ਦੇ ਹਵਾਲੇ ਜਾਪਦੇ ਹਨ ਜੋ ਮਨੁੱਖਤਾ ਲਈ ਭਲੇ ਦੇ ਕੁਝ ਕੰਮ ਕਰਨ ਲਈ ਅਤੇ ਸਾਡੇ ਸਭਿਆਚਾਰ ਅਤੇ ਭਾਈਚਾਰਕ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ ਲਈ ਪ੍ਰੇਰਣਾ-ਸ੍ਰੋਤ ਵਜੋਂ ਕੰਮ ਕਰਦੇ ਹਨ। ਉਸ ਦੇ ਲਈ ਸਾਰਾ ਸੰਸਾਰ ਇਕ ਹੀ ਪਰਿਵਾਰ ਜਾਂ ਕੁਨਬਾ ਹੈ। ਉਹ ਮੰਦਭਾਗੇ ਲੋੜਵੰਦ ਲੋਕਾਂ ਨੂੰ ਮਿਲਣ ਲਈ ਦੂਰ-ਦੁਰਾਡੇ ਦੇ ਇਲਾਕਿਆਂ ਤਕ ਸਫ਼ਰ ਕਰਦਾ ਹੈ। ਭੋਜਨ, ਪੈਸਾ ਅਤੇ ਸਭ ਤੋਂ ਵੱਧ ਮੁਹੱਬਤ ਦੀ ਵਰਤੋਂ ਝੁੱਗੀ-ਝੌਂਪੜੀਆਂ ਵਿਚ ਰਹਿਣ ਵਾਲੇ ਨਿਮਾਣਿਆਂ, ਯਾਨੀ ਅੰਤਾਂ ਦੀ ਗ਼ਰੀਬੀ ਸਹੇੜ ਰਹੇ ਲੋਕਾਂ ਨੂੰ ਖਿੰਡਾਉਣ ਲਈ ਕੀਤੀ ਜਾਂਦੀ ਹੈ। ਉਹ ਸਮੁੱਚੀ ਮਨੁੱਖਤਾ ਲਈ ਪਿਆਰ ਦਾ ਸੋਮਾ ਹੈ। ਸਿਰਫ਼ ਇਸ ਕਿਤਾਬ ਵਿਚ ਉਸ ਦੇ ਬਾਰੇ ਪੜ੍ਹਨ ਨਾਲ ਹੀ ਤੁਹਾਨੂੰ ਪ੍ਰੇਰਣਾ ਮਿਲੇਗੀ ਕਿ ਤੁਸੀਂ ਆਪਣੀ ਰੋਜ਼ਮੱਰਾ ਦੀ ਜ਼ਿੰਦਗੀ ਵਿਚ ਇਕ ਬਿਹਤਰ ਇਨਸਾਨ ਬਣੋ ਅਤੇ ਰੱਜੇ-ਪੁੱਜੇ ਮਰਨ ਦੀ ਬਜਾਇ ਰੱਜਿਆ-ਪੁੱਜਿਆ ਜੀਵਨ ਜੀਓ...



# ਸੰਪਾਦਨ ਸਹਿਯੋਗੀ ਬਾਰੇ ਜਾਣਕਾਰੀ

# ਸੰਪਾਦਨ ਸਹਿਯੋਗੀ ਬਾਰੇ ਜਾਣਕਾਰੀ

ਜਰਨੈਲ ਸਿੰਘ ਸੇਖਾ ਜੀ ਨੂੰ ਕੌਣ ਨਹੀਂ ਜਾਣਦਾ? ਆਪ ਜੀ ਪੰਜਾਬ ਦੇ ਪ੍ਰਸਿੱਧ ਨਾਵਲਕਾਰ ਅਤੇ ਕਹਾਣੀਕਾਰ ਹੋ ਨਿਬੜੇ ਹਨ। ਉਨ੍ਹਾਂ ਨੂੰ ਸਾਹਿਤ ਉਲੀਕਦਿਆਂ ਕਈ ਦਹਾਕੇ ਬੀਤ ਗਏ ਹਨ। ਉਨ੍ਹਾਂ ਨੇ ਹੁਣ ਤਕ ਡੇਢ ਦਰਜਨ ਤੋਂ ਵੀ ਵੱਧ ਕਿਤਾਬਾਂ ਕਲਮਬੱਧ ਕੀਤੀਆਂ ਹਨ। ਉਨ੍ਹਾਂ ਨੂੰ ਜਜ਼ਬਾ ਦੇਣ ਵਾਲੀ ਲਹਿਰ ਸਮਾਜ ਵਿੱਚੋਂ ਉੱਠਦੀ ਹੈ, ਉਨ੍ਹਾਂ ਦਾ ਕਹਿਣਾ ਹੈ ਕਿ ਹਰੇਕ ਲੇਖਕ ਦਾ ਕੰਮ ਸਮਾਜ ਦੀਆਂ ਕੁਰੀਤੀਆਂ ਨੂੰ ਬਾਹਰ ਲਿਆਉਣਾ ਅਤੇ ਉਨ੍ਹਾਂ ਬਾਰੇ ਚਾਨਣ ਫੈਲਾਉਣਾ ਹੈ।

ਜਰਨੈਲ ਸਿੰਘ ਸੇਖਾ ਹੁਰਾਂ ਦਾ ਜਨਮ 1 ਅਗਸਤ 1934 ਨੂੰ ਹੋਇਆ ਸੀ। ਉਨ੍ਹਾਂ ਦਾ ਪਰਿਵਾਰ ਖੇਤੀਬਾੜੀ ਕਰਦਾ ਸੀ। ਉਹਨਾਂ ਦੇ ਪਿਤਾ ਦਾ ਨਾਂ ਸ. ਮਹਿੰਦਰ ਸਿੰਘ ਸਰਾਂ ਅਤੇ ਮਾਤਾ ਦਾ ਨਾਂ ਸਰਦਾਰਨੀ ਪਰਤਾਪ ਕੌਰ ਸੀ। ਉਨ੍ਹਾਂ ਦੀ ਜਨਮ ਭੂਮੀ ਪਿੰਡ ਸੇਖਾ ਕਲਾਂ ਜ਼ਿਲ੍ਹਾ ਮੋਗਾ ਹੈ। ਜਰਨੈਲ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਪੰਜਾਬੀ ਸਿੱਖਣ ਦਾ ਰਾਜ ਉਨ੍ਹਾਂ ਦੀ ਗੁਰਦਵਾਰਿਆਂ ਦੀ ਧਰਤੀ ਹੈ। ਜਰਨੈਲ ਸਿੰਘ ਨੇ ਪੰਜ ਜਮਾਤਾਂ ਪਿੰਡ ਦੇ ਸਕੂਲ ਵਿੱਚੋਂ ਪਾਸ ਕੀਤੀਆਂ। ਦਸਵੀਂ ਪਾਸ ਕਰਨ ਤੋਂ ਬਾਅਦ ਉਹ ਮੋਗਾ ਤੋਂ ਜੇ. ਬੀ. ਟੀ. ਕਰ ਕੇ ਅਬੋਹਰ ਦੀ ਇਕ ਬਸਤੀ ਅਜੀਮਗੜ੍ਹ ਵਿੱਚ ਪੜ੍ਹਾਉਣ ਲੱਗੇ। 1956 ਵਿੱਚ ਜਰਨੈਲ ਸਿੰਘ ਨੇ ਗਿਆਨੀ ਪਾਸ ਕੀਤੀ। 1974 ਵਿੱਚ ਉਨ੍ਹਾਂ ਨੇ ਪੰਜਾਬੀ ਦੀ ਐੱਮ. ਏ. ਕੀਤੀ। ਜਰਨੈਲ ਸਿੰਘ ਨੇ ਦਸਵੀਂ ਤੋਂ ਬਾਅਦ ਸਾਰੀ ਪੜ੍ਹਾਈ ਪ੍ਰਾਈਵੇਟ ਕੀਤੀ। ਉਨ੍ਹਾਂ ਨੇ ਪ੍ਰਾਇਮਰੀ, ਮਿਡਲ, ਹਾਈ, ਹਾਇਰ ਸੈਕੰਡਰੀ ਤੇ ਸੀਨੀਅਰ ਸੈਕੰਡਰੀ ਸਕੂਲ ਤਕ ਪੜ੍ਹਾਇਆ। ਉਹ 1994 ਵਿਚ ਪੱਕੇ ਤੌਰ 'ਤੇ ਕੈਨੇਡਾ ਵਿਚ ਵੱਸ ਗਏ।

ਆਪ ਜੀ ਚੁੱਪ-ਚੁਪੀਤੇ ਸੁਭਾਅ ਦੇ ਮਾਲਕ ਹਨ। ਕੈਨੇਡਾ ਜਾ ਕੇ ਜਰਨੈਲ ਸਿੰਘ ਜੀ 'ਪੰਜਾਬੀ ਲੇਖਕ ਮੰਚ ਵੈਨਕੂਵਰ' ਨਾਲ ਜੁੜ ਗਏ।

ਜਰਨੈਲ ਸਿੰਘ ਦੇ ਚਾਚਾ ਜੀ ਕਵਿਤਾਵਾਂ ਲਿਖਿਆ ਕਰਦੇ ਸਨ। ਉਹ ਜਰਨੈਲ ਸਿੰਘ ਨੂੰ ਕਦੀ-ਕਦੀ ਕਵਿਤਾ ਪੜ੍ਹਨ ਨੂੰ ਦਿੰਦੇ ਸਨ। ਜਰਨੈਲ ਸਿੰਘ ਜੀ ਨੂੰ ਲਿਖਣ ਦੀ ਪਹਿਲੀ ਪ੍ਰੇਰਣਾ ਉਨ੍ਹਾਂ ਦੇ ਚਾਚਾ ਜੀ ਤੋਂ ਹੀ ਮਿਲੀ। ਪਰ ਸਾਹਿਤਕ ਮਾਹੌਲ ਉਨ੍ਹਾਂ ਨੂੰ ਮੋਗੇ ਜੇ. ਬੀ. ਟੀ. ਕਰਦਿਆਂ ਮਿਲਿਆ ਅਤੇ ਉੱਥੇ ਹੀ ਉਨ੍ਹਾਂ ਦੇ ਗੀਤ ਅਤੇ ਕਵਿਤਾਵਾਂ ਮਾਸਿਕ-ਪੱਤਰਾਂ ਵਿੱਚ ਛਪੀਆਂ। ਜਰਨੈਲ ਸਿੰਘ ਜੀ ਨੇ ਜੇ. ਐੱਸ. ਕੰਵਲ ਦੇ ਨਾਮ ਹੇਠ ਕੁਝ ਗੀਤ ਤੇ ਕਵਿਤਾਵਾਂ ਲਿਖੀਆਂ ਸਨ। ਜਰਨੈਲ ਸਿੰਘ ਜੀ ਨੇ ਆਪਣੇ ਚਾਚਾ ਜੀ ਨੂੰ ਇਕ ਵਾਰ ਕਿਹਾ ਕਿ ਉਹ ਵੀ ਗੁਰਪੁਰਬ 'ਤੇ ਗਾਉਣਾ ਚਾਹੁੰਦੇ ਹਨ ਅਤੇ ਉਨ੍ਹਾਂ ਨੇ ਚਾਚਾ ਜੀ ਨੂੰ ਇਕ ਛੰਦ ਲਿਖ ਕੇ ਦੇਣ ਲਈ ਬੇਨਤੀ ਕੀਤੀ। ਫਿਰ ਚਾਚਾ ਜੀ ਬੋਲਦੇ ਗਏ ਅਤੇ ਉਹ ਲਿਖਦੇ ਗਏ। ਉਸ ਛੰਦ ਵਿਚ ਇਕ ਸਤਰ ਆਉਂਦੀ ਸੀ, 'ਪੁਹ ਸੁਦੀ ਸੱਤਮੀਂ ਜੀ, ਸਾਲ ਸਤਾਰਾਂ ਸੌ ਅਜਿਆਰੇ।' ਜਰਨੈਲ ਸਿੰਘ ਜੀ ਨੇ ਚਾਚਾ ਜੀ ਤੋਂ ਪੁੱਛ ਲਿਆ ਕਿ 'ਅਜਿਆਰੇ' ਦਾ ਕੀ ਮਤਲਬ ਹੁੰਦਾ ਹੈ? ਚਾਚਾ ਜੀ ਨੇ ਕਿਹਾ ਕਿ ਬਿਨਾਂ ਮਤਲਬ ਚਿੰਤਾ ਨਹੀਂ ਕਰੀਦੀ, ਬੱਸ ਤੁਕ ਨਾਲ ਤੁਕ ਮਿਲਣੀ ਮਹੱਤਵਪੂਰਣ ਹੈ। ਬੱਸ ਫਿਰ ਕੀ ਸੀ ਇਹ ਰਾਜ ਪਤਾ ਲੱਗਦੇ ਹੀ ਜਰਨੈਲ ਸਿੰਘ ਤੁਕ ਨਾਲ ਤੁਕ ਜੋੜਦੇ ਹੋਏ ਕਵਿਤਾ ਲਿਖਣ ਲੱਗ ਪਏ। ਇੱਕ ਕਹਾਣੀ "ਕਾੜਨੀ ਦਾ ਦੁੱਧ," ਜਰਨੈਲ ਸਿੰਘ ਨੇ ਇੰਡੀਆ ਦੀ ਆਜ਼ਾਦੀ ਲਈ ਲੜਨ ਵਾਲੇ ਜਨਰਲ ਮੋਜਨ ਸਿੰਘ ਨਾਲ ਮੁਲਾਕਾਤ ਤੋਂ ਪ੍ਰੇਰਣਾ ਪਾ ਕੇ ਲਿਖੀ।

ਉਨ੍ਹਾਂ ਦਾ ਪ੍ਰਸਿੱਧ ਨਾਵਲ 'ਦੁਨੀਆਂ ਕੈਸੀ ਹੋਈ' ਇਕ ਸ਼ਾਹਕਾਰ ਹੋ ਨਿਬੜਿਆ ਹੈ। ਇਹ ਨਾਵਲ ਇੰਨਾ ਉਚੇਚਾ ਸੀ ਕਿ ਇਹ ਐਸ. ਪੀ. ਸਿੰਘ ਜੀ ਨੂੰ ਕੀਲ ਕੇ ਲੈ ਗਿਆ ਅਤੇ ਇਸ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਐੱਮ. ਏ. ਸਲੇਬਸ ਵਿੱਚ ਵੀ ਸ਼ਾਮਲ ਕੀਤਾ ਗਿਆ ਸੀ ਅਤੇ ਉਸ ਉੱਪਰ ਐੱਮ. ਫਿਲ. ਵੀ ਕਰਵਾਈ ਗਈ। ਇਹ ਰਚਨਾ ਇਸ ਗੱਲ ਦਾ ਪਰਮਾਣ ਸੀ ਕਿ ਜਰਨੈਲ ਸਿੰਘ ਸੇਖਾ ਜੀ ਨਿਰਪੱਖ ਤੇ ਪਾਰਖੂ ਨਜ਼ਰ ਦੇ ਮਾਲਕ ਸਨ। ਉੱਘੇ ਸਹਿਤਕਾਰ ਗੁਰਭਜਨ ਗਿੱਲ ਜੀ ਨੇ ਜਰਨੈਲ ਸਿੰਘ ਦੀ ਮਿੱਠੀ ਤਾਰੀਫ਼ ਕਰਦੇ ਹੋਏ ਕਿਹਾ- ਜਰਨੈਲ ਸਿੰਘ ਸੇਖਾ ਪੱਕੇ ਸੰਧੂਰੀ ਅੰਬ ਵਾਂਗ ਮਹਿਕਦਾ ਇਨਸਾਨ ਹੈ ਅਤੇ ਆਪਣੀ ਸਾਹਿਤ ਸਿਰਜਣਾ ਵਿੱਚ ਵੀ ਸੁਹਜਵੰਤਾ ਸਲੀਕੇ ਵਾਲਾ ਸਿਦਕੀ ਸਿਰਜਕ ਹੈ।

ਇਸ ਨਾਵਲ ਦੀ ਕਰਮ ਭੂਮੀ ਕੈਨੇਡਾ ਦੇ ਪੱਛਮੀ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਬੇਰੀ ਫਾਰਮ ਹਨ। ਜਰਨੈਲ ਸਿੰਘ ਜੀ ਨੇ ਉੱਥੋਂ ਦੇ ਬੇਰੀ ਫਾਰਮਾਂ ਵਿੱਚ ਹੋਏ ਆਪਣੇ ਅਨੁਭਵਾਂ ਨੂੰ ਇਸ ਨਾਵਲ ਵਿਚ ਬੜੀ ਕੁਸ਼ਲਤਾ ਨਾਲ ਪ੍ਰੋਇਆ ਹੈ। ਉਨ੍ਹਾਂ ਦਾ ਦੂਜਾ ਨਾਵਲ 'ਭਗੌੜਾ' ਕੈਨੇਡਾ ਵਿਚ ਗ਼ੈਰ-ਕਾਨੂੰਨੀ ਢੰਗ ਨਾਲ ਆਉਣ ਵਾਲੇ ਪਰਵਾਸੀਆਂ ਦੀ ਸਮੱਸਿਆ ਨਾਲ ਰੂ-ਬ-ਰੂ ਕਰਾਉਂਦਾ ਹੈ।

ਜਰਨੈਲ ਸਿੰਘ ਸੇਖਾ ਦਾ ਤੀਜਾ ਨਾਵਲ 'ਵਿਗੋਚਾ' ਹੈ ਜਿਸ ਵਿਚ ਅਤੀਤ ਤੇ ਵਰਤਮਾਨ ਦੀਆਂ ਦੋ ਧਾਰਾਵਾਂ ਨਾਲ-ਨਾਲ ਚੱਲਦੀਆਂ ਹਨ। ਇਕ ਧਾਰਾ ਹੈ ਕੈਨੇਡਾ ਵਿਚ ਪੰਜਾਬੀ ਗਭਰੂਆਂ ਦਾ ਨਸ਼ਾ ਤਸਕਰੀ ਦੇ ਵੱਸ ਪੈਣਾ ਤੇ ਨਸ਼ਾ ਮੰਡਲੀਆਂ ਦੀ ਆਪਸੀ ਰੰਜਸ਼ ਕਾਰਨ ਹੋਣ ਵਾਲੇ ਕਤਲ।

ਜਰਨੈਲ ਸਿੰਘ ਸੇਖਾ ਦੇ ਚੌਥੇ ਨਾਵਲ ਦਾ ਨਾਂ ਹੈ 'ਬੇਗਾਨੇ।' ਇਸ ਵਿਚ ਪਰਵਾਸੀ ਪੰਜਾਬੀ ਔਰਤਾਂ ਤੇ ਬੱਚਿਆਂ ਦੇ ਵਜੂਦ ਨੂੰ ਲੈ ਕੇ ਇਕ ਉਚੇਚੇ ਨਾਵਲ ਦਾ ਰੂਪ ਦਿੱਤਾ ਗਿਆ ਹੈ। ਇਹ ਕਿੰਨੇ ਮਾਰਕੇ ਦੀ ਗੱਲ ਹੈ ਕਿ ਕਈਆਂ ਨੇ ਜਰਨੈਲ ਸਿੰਘ ਜੀ ਦੇ ਸਾਹਿਤ 'ਤੇ ਐੱਮ. ਫਿਲ 'ਤੇ ਪੀ. ਐੱਚ. ਡੀ. ਡਿਗਰੀਆਂ ਵੀ ਕੀਤੀਆਂ ਹਨ। ਜਰਨੈਲ ਸਿੰਘ ਦੀਆਂ ਹੁਣ ਤਕ ਦੀਆਂ ਕਹਾਣੀ ਰਚਨਾਵਾਂ ਹੇਠ ਲਿਖੇ ਅਨੁਸਾਰ ਹਨ:

ਵਿਦੇਸ਼ੀ ਲੇਖਕ ਬਹੁਤੀ ਵਾਰ ਪੰਜਾਬ ਦੀਆਂ ਸਮੱਸਿਆਵਾਂ ਬਾਰੇ ਹੀ ਲਿਖਦੇ ਸਨ। ਏਦਾਂ ਦੇ ਬਹੁਤ ਘੱਟ ਲੇਖਕ ਸਨ ਜੋ ਪਰਵਾਸੀ ਸਮੱਸਿਆਵਾਂ ਬਾਰੇ ਲਿਖਦੇ ਸਨ। ਕੈਨੇਡਾ ਵਿਚ ਵੱਸਣ ਤੋਂ ਬਾਅਦ ਜਰਨੈਲ ਸਿੰਘ ਜੇ ਧਾਰ ਲਿਆ ਕਿ ਉਨ੍ਹਾਂ ਨੇ ਇਸ ਰੁਝਾਨ ਨੂੰ ਠੱਲ੍ਹ ਪਾਉਣੀ ਹੈ ਅਤੇ ਉਨ੍ਹਾਂ ਨੇ ਉੱਥੋਂ ਦੀਆਂ ਸਮੱਸਿਆਵਾਂ ਬਾਰੇ ਲਿਖਿਆ।

ਸੇਖਾ ਜੀ ਨੂੰ ਕਈ ਪਾਸਿਓਂ ਸਨਮਾਨਿਤ ਕੀਤਾ ਗਿਆ ਹੈ, ਕੀਤਾ ਜਾਂਦਾ ਹੈ ਅਤੇ ਅੱਗੋਂ ਵੀ ਕੀਤਾ ਜਾਂਦਾ ਰਹੇਗਾ, ਉਨ੍ਹਾਂ ਵਿੱਚੋਂ ਕੁਝ ਦਾ ਜ਼ਿਕਰ ਕਰਨਾ ਬਣਦਾ ਹੈ। ਉਨ੍ਹਾਂ ਨੂੰ ਸਿਰਜਣਧਾਰਾ ਸੰਸਥਾ ਵਲੋਂ ਮਾਣ ਮਿਲਿਆ, ਇਸ ਤੋਂ ਇਲਾਵਾ, ਲਿਖਾਰੀ ਸਭਾ ਮੋਗਾ ਵੱਲੋਂ, ਬਾਘਾ-ਪੁਰਾਣਾ ਸਾਹਿਤ ਸਭਾ ਵੱਲੋਂ ਸਨਮਾਨਿਤ ਕੀਤਾ ਗਿਆ ਹੈ। ਉਨ੍ਹਾਂ ਨੂੰ 'ਜਸਟਿਸ ਜਸਵੰਤ ਸਿੰਘ ਮੈਮੋਰੀਅਲ ਅਵਾਰਡ ਬਾਘਾ ਪੁਰਾਣਾ' ਨਾਲ ਵੀ ਨਿਵਾਜਿਆ ਗਿਆ ਹੈ ਅਤੇ 2010 ਵਿੱਚ ਉਹਨਾਂ ਨੂੰ ਪੰਜਾਬੀ ਲਿਖਾਰੀ ਸਭਾ, ਕੈਲਗਰੀ ਵੱਲੋਂ "ਇਕਬਾਲ ਅਰਪਨ ਯਾਦਗਾਰੀ ਅਵਾਰਡ" ਮਿਲਿਆ ਸੀ। ਉਨ੍ਹਾਂ ਨੂੰ 2016 ਵਿੱਚ ਤੀਜੇ ਪ੍ਰੀਤਮ ਸਿੰਘ ਬਾਸੀ

ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਜਰਨੈਲ ਸਿੰਘ ਜੀ ਦਾ ਮੰਨਣਾ ਹੈ ਕਿ ਜੇਕਰ ਲੇਖਕਾਂ ਨੇ ਚੰਗਾ ਲਿਖਦੇ ਰਹਿਣਾ ਹੈ, ਤਾਂ ਉਨ੍ਹਾਂ ਨੂੰ ਆਪਣੇ ਮਾਹੌਲ ਨੂੰ ਵਧੀਆ ਬਣਾਈ ਰੱਖਣ ਦੀ ਲੋੜ ਹੁੰਦੀ ਹੈ। ਜਦੋਂ ਚੰਗਾ ਮਾਹੌਲ ਹੁੰਦਾ ਹੈ, ਚੰਗਾ ਸਾਹਿਤ ਪੜ੍ਹਿਆ ਜਾਂਦਾ ਹੈ ਤੇ ਚੰਗੇ ਲੋਕਾਂ ਦੀ ਸੰਗਤ ਕੀਤੀ ਜਾਂਦੀ ਹੈ, ਤਾਂ ਚੰਗੀ ਲਿਖ਼ਤ ਸਾਕਾਰ ਰੂਪ ਲੈ ਲੈਂਦੀ ਹੈ। ਨਿਰਸੰਦੇਹ ਜਰਨੈਲ ਸਿੰਘ ਸੇਖਾ ਦੀ ਹਰ ਗੱਲ ਆਪਣੇ ਅਰਥ ਰੱਖਦੀ ਹੈ। ਜਰਨੈਲ ਸਿੰਘ ਜੀ ਗਲਪ ਦੇ ਵਧੀਆ ਬਿਰਤਾਂਤਕ ਸਰੂਪ ਸਿਰਜਣ ਦੀ ਸਮਰਥਾ ਰੱਖਦੇ ਹਨ ਜਿਸ ਸਦਕਾ ਉਹ ਪੰਜਾਬੀ ਪਾਠਕਾਂ ਵਿਚ ਸੰਪੂਰਣਤਾ ਦੀ ਪਦਵੀ 'ਤੇ ਬਿਰਾਜਮਾਨ ਹਨ।

ਅੰਤ ਉਨ੍ਹਾਂ ਦੀ ਸ਼ਖ਼ਸੀਅਤ ਬਾਰੇ ਇੰਨਾ ਹੀ ਕਹਿਣਾ ਚਾਹਾਂਗੇ ਕਿ ਉਹ ਇਕ ਸਾਫ਼ ਤੇ ਸਿਰਜਣਾਤਮਕ ਸੋਚ ਦੇ ਮਾਲਕ ਹਨ ਅਤੇ ਉਨ੍ਹਾਂ ਦੀਆਂ ਰਚਨਾਵਾਂ ਸਮਾਜਕ ਕੁਰੀਤੀਆਂ ਦਾ ਪ੍ਰਗਟਾਵਾ ਕਰਨ ਵਿਚ ਸਫ਼ਲ ਰਹੀਆਂ ਹਨ ਅਤੇ ਉਨ੍ਹਾਂ ਦੀ ਕਾਰਗੁਜ਼ਾਰੀ ਨੂੰ ਅਸੀਂ ਕਦੇ ਵੀ ਅੱਖੋਂ ਪਰੋਖੇ ਨਹੀਂ ਕਰ ਸਕਦੇ। ਪੰਜਾਬੀ ਸਾਹਿਤ ਨੂੰ ਉਨ੍ਹਾਂ ਦੀ ਦੇਣ ਬਹੁਤ ਬਹੁਮੁੱਲੀ ਹੈ। ਸਾਡੀ ਅਰਦਾਸ ਹੈ ਕਿ ਉਨ੍ਹਾਂ ਦੀ ਸ਼ਖ਼ਸੀਅਤ ਸਾਨੂੰ ਇਸੇ ਤਰ੍ਹਾਂ ਪ੍ਰੇਰਣਾ ਦਿੰਦੀ ਰਹੇ ਅਤੇ ਸਾਡਾ ਮਾਰਗ-ਦਰਸ਼ਨ ਕਰਦੀ ਰਹੇ।



# ਲੇਖਕ ਬਾਰੇ ਜਾਣਕਾਰੀ

# ਲੇਖਕ ਬਾਰੇ ਜਾਣਕਾਰੀ

ਐਸ਼ਕੁਮ ਐਸ਼ਵਿਕ (ਐਸ਼), ਇੱਕ ਸਮਾਜ-ਵਿਗਿਆਨੀ, ਲਾਈਫ ਕੋਚ, ਮੋਨੋਗ੍ਰਾਫਰ (ਜੀਵਨੀ ਲੇਖਕ), ਭਾਸ਼ਾ ਵਿਗਿਆਨੀ ਅਤੇ ਜੋਸ਼ੀਲਾ ਕਵੀ ਹੈ। ਉਹ ਪਿਛਲੇ 35 ਸਾਲਾਂ ਤੋਂ ਅੰਗਰੇਜੀ ਕਵਿਤਾ ਲਿਖਦਾ ਆ ਰਿਹਾ ਹੈ। ਆਪਣੀ ਜਾਣ-ਪਛਾਣ ਵਿੱਚ ਦੱਸਣਾ ਚਾਹੁੰਦਾ ਹੈ ਕਿ ਉਹ 1986 ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਐੱਮ.ਏ. ਸਮਾਜ ਸ਼ਾਸ਼ਤਰ (M.A. SOCIOLOGY) ਦੀ ਡਿਗਰੀ ਅੱਵਲ ਦਰਜੇ (TOP POSITION IN UNIVERSITY) ਵਿੱਚ ਪਾਸ ਕਰ ਕੇ ਮੈਰਿਟ ਸਰਟੀਫ਼ਿਕੇਟ ਹਾਸਲ ਕਰ ਚੁੱਕਾ ਹੈ। ਐਸ਼ ਨੇ ਪਿਛਲੇ ਕੁਝ ਸਾਲਾਂ ਤੋਂ ਆਪਣੀ ਮਾਤ-ਭਾਸ਼ਾ ਪੰਜਾਬੀ ਵਿੱਚ ਲਿਖਣਾ ਸ਼ੁਰੂ ਕੀਤਾ ਹੈ। ਐਸ਼ ਆਪਣੀਆਂ ਕਵਿਤਾਵਾਂ ਰਾਹੀਂ ਮਾਂ-ਬੋਲੀ ਅਤੇ ਪੰਜਾਬੀ ਸਭਿਆਚਾਰ ਨੂੰ ਸਮਰਪਿਤ ਹੋਣ ਦੀ ਕੋਸ਼ਿਸ਼ ਵਿੱਚ ਰਹਿੰਦਾ ਹੈ । ਐਸ਼ ਨੇ ਪਿਛਲੇ ਦੋ ਸਾਲਾਂ ਵਿੱਚ ਤਕਰੀਬਨ 125 ਪੰਜਾਬੀ ਮਾਂ ਬੋਲੀ ਅਤੇ ਪੰਜਾਬੀ ਸੱਭਿਆਚਾਰ ਨੂੰ ਉਤਸਾਹਤ ਕਰਦੀਆਂ ਪੰਜਾਬੀ ਕਵਿਤਾਵਾਂ ਲਿਖੀਆਂ ਹਨ ਜੋ ਕਿ ਪ੍ਰਕਾਸ਼ਨ ਅਧੀਨ ਹਨ।

ਹਾਲ ਹੀ ਵਿੱਚ ਐਸ਼ ਨੂੰ ਪੰਜਾਬੀ ਭਾਸ਼ਾ ਵਿੱਚ ਇਕ **ਨਵੀਂ ਕਾਵ-ਵਿਧਾ "ਅੱਖਰਵਿਤਾ" (PUNJABI ACROSTIC) ਦੇ ਖੋਜਕਰਤਾ** ਦੇ ਤੌਰ ਤੇ ਵੀ ਜਾਣਿਆ ਗਿਆ ਹੈ। ਉਨ੍ਹਾਂ ਦੁਆਰਾ ਲਿਖੀ 'ਅੱਖਰਤਾਵਾਂ' ਦੀ ਪੁਸਤਕ ਵੀ ਜਿਸ ਨੂੰ ਉੱਘੇ ਸਾਹਿਤਕਾਰਾਂ ਵੱਲੋਂ ਸਲਾਹਿਆ ਗਿਆ ਹੈ, ਪ੍ਰਕਾਸ਼ਨ ਅਧੀਨ ਹੈ।

ਅਮਰੀਕਾ ਵਿੱਚ ਐਸ਼ ਨੂੰ 'ਕਾਰਪੋਰੇਟ ਪਛਾਣ ਬਣਾਉਣ ਅਤੇ ਸੁਧਾਰ ਖੇਤਰ' (CORPORATE IDENTITY BUILDING / ENHANCEMENT STRATEGY AND MANAGEMENT) ਵਿੱਚ ਕੰਮ ਕਰਨ ਦਾ ਮੌਕਾ ਵੀ ਮਿਲਿਆ ਹੈ। ਐਸ਼ ਬਹੁਤ ਰਚਨਾਤਮਕ (HIGHLY CREATIVE) ਸੁਭਾਅ ਰੱਖਣ

ਵਾਲਾ ਵਿਅਕਤੀ ਹੈ। ਐਸ਼ ਹੁਣ ਤੱਕ ਛੇ ਅੰਗਰੇਜ਼ੀ ਕਾਵਿ-ਸੰਗ੍ਰਹਿ ਸਵੈ-ਪ੍ਰਕਾਸ਼ਿਤ ਕਰ ਚੁੱਕਾ ਹੈ ਜੋ ਕਿ ਪੰਜਾਬੀ ਅਨੁਵਾਦ ਅਧੀਨ ਹਨ। ਹਾਲ ਹੀ ਵਿੱਚ ਉਨ੍ਹਾਂ ਨੇ 'ਕੋਵਿਡ ਪੋਇਟਰੀ- ਡਾਕਟਰਜ਼ ਡਿਲੇਮਾ' (COVID POETRY- DOCTOR'S DILEMMA) ਕਿਤਾਬ ਪ੍ਰਕਾਸ਼ਿਤ ਕੀਤੀ ਜਿਸ ਦੀ ਪ੍ਰਸ਼ੰਸਾ ਖ਼ੁਦ ਅਮਰੀਕੀ ਸਰਜਨ ਜਨਰਲ ( ਨੇਸ਼ਨਜ਼ ਡਾਕਟਰ) ਐਡਮਜ਼ ਜੀਰੋਮ ( DR. ADAMS JEROME) ਨੇ ਕੀਤੀ। ਜਲਦੀ ਹੀ ਇਹ ਕਿਤਾਬ ਪੰਜਾਬੀ ਅਤੇ ਹਿੰਦੀ ਭਾਸ਼ਾਵਾਂ ਵਿੱਚ ਪ੍ਰਸ਼ੰਸਕਾਂ ਦੇ ਸਪੁਰਦ ਕੀਤੇ ਜਾਣ ਦੀ ਉਮੀਦ ਹੈ। ਇਹ ਵਿਲੱਖਣ ਕੋਵਿਡ ਕਵਿਤਾਵਾਂ ਦੀ ਕਿਤਾਬ ਨਾ ਸਿਰਫ਼ ਡਾਕਟਰਾਂ ਅਤੇ ਜੀਵਨ ਦੇ ਬਾਕੀ ਖੇਤਰਾਂ ਦੇ ਲੋਕਾਂ ਲਈ ਇੱਕ ਕਾਵਿ-ਸਹਾਰੇ ਦਾ ਸਾਧਨ ਸਿੱਧ ਹੋ ਸਕਦੀ ਹੈ, ਬਲਕਿ ਸਾਡੇ ਭਵਿੱਖ ਦੇ ਬੱਚਿਆਂ ਲਈ ਕੋਵਿਡ -19 ਸੰਕਟ ਨੂੰ ਚੰਗੀ ਤਰ੍ਹਾਂ ਸਮਝਣ ਲਈ ਕਰੋਨਾਵਾਇਰਸ 'ਤੇ ਕਾਵਿਕ-ਇਤਿਹਾਸ ਦੀ ਕਿਤਾਬ ਵਜੋਂ ਵੀ ਕੰਮ ਕਰ ਸਕਦੀ ਹੈ। ਇਹ ਕਵਿਤਾ (POETRY) ਨੂੰ ਸਿਹਤ ਸੰਭਾਲ (HEALTH CARE) ਵਿੱਚ ਜੋੜਨ ( INTEGRATE) ਦੀ ਇੱਕ ਉਦਾਹਰਨ ਹੈ ਅਤੇ ਇਸ ਗੱਲ 'ਤੇ ਜ਼ੋਰ ਦਿੰਦੀ ਹੈ ਕਿ ਡਾਕਟਰੀ ਨੁਸਖ਼ਿਆਂ (MEDICAL PRESCRIPTIONS) ਤੋਂ ਇਲਾਵਾ ਕੁਝ 'ਜ਼ਖ਼ਮ' ਅਜਿਹੇ ਹੁੰਦੇ ਹਨ ਜਿਨ੍ਹਾਂ ਦਾ ਇਲਾਜ 'ਸ਼ਬਦਾਂ' (WORDS) (ਇੱਕ ਚੰਗੀ ਪ੍ਰੇਰਣਾ) ਨਾਲ ਕੀਤਾ ਜਾਣਾ ਚਾਹੀਦਾ ਹੈ। ਇਹ ਕਾਵਿ-ਪੁਸਤਕ ਕਿਸੇ ਵੀ ਕਲੀਨਿਕਲ ਜਾਂ ਮੈਡੀਕਲ ਸੈਟਿੰਗ ਦੀ ਲਾਇਬ੍ਰੇਰੀ ਵਿੱਚ ਇੱਕ ਵਧੀਆ ਐਡੀਸ਼ਨ ਸਾਬਤ ਹੋ ਸਕਦੀ ਹੈ।

ਐਸ਼ ਦੀਆਂ ਸ਼ਾਨਦਾਰ ਕਵਿਤਾਵਾਂ ਅਮਰੀਕਾ ਵਿਚ ਪ੍ਰਕਾਸ਼ਿਤ ਹੋ ਚੁੱਕੀਆਂ ਹਨ ਅਤੇ ਇਨ੍ਹਾਂ ਨੂੰ ਵਾਈਟ ਹਾਊਸ ਵੱਲੋਂ ਮਾਣ ਮਿਲਣ ਦਾ ਗੌਰਵ ਵੀ ਹਾਸਲ ਹੈ। ਲੇਖਕ ਅਮਰੀਕੀ ਰਾਸ਼ਟਰਪਤੀ ਬਾਰਾਕ ਓਬਾਮਾ ਦੀ ਕਿਚਨ ਕੈਬੀਨਿਟ ਦਾ ਇਕ

ਆਨਰੇਰੀ ਮੈਂਬਰ ਰਹਿ ਚੁੱਕਾ ਹੈ। ਐਸ਼ ਨੂੰ 'ਯਥਾਰਥਿਕ ਪੋਇਟ੍ਰੀ ਇੰਟਰਨੈਸ਼ਨਲ, ਯੂ.ਐੱਸ.ਏ' ਦੁਆਰਾ "ਪਹਿਲੀ ਕਵਿਤਾ- ਪਹਿਲਾ ਸਥਾਨ-2019" (FIRST POEM- FIRST PLACE 2019) ਦੇ ਨਾਲ ਪੰਜ ਸੌ ਡਾਲਰਾਂ ਦਾ ਇਨਾਮ ਦੇ ਕੇ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ।

ਐਸ਼ ਦੀਆਂ ਦੋ ਪੰਜਾਬੀ ਪੁਸਤਕਾਂ, **'ਪਰਵਾਸੀ ਪੰਜਾਬੀ ਸਾਹਿਤ ਦੇ ਮਸੀਹਾ- ਡਾ. ਸ. ਪ. ਸਿੰਘ ਦੀ ਕਹਾਣੀ ਇਕ ਕਵਿਤਾ ਦੀ ਜ਼ੁਬਾਨੀ' ਅਤੇ 'ਕੋਵਿਡ ਕਵਿਤਾਵਾਂ - ਡਾਕਟਰਾਂ ਦੀ ਦੁਬਿਧਾ',** ਪੰਜਾਬ ਭਵਨ ਸਰੀ ਦੀ ਚੌਥੀ ਵਰ੍ਹੇਗੰਢ ਦੇ ਮੌਕੇ 'ਤੇ ਵਿਸ਼ਾਲ ਪੰਜਾਬੀ ਸੱਭਿਆਚਾਰਕ ਸੰਮੇਲਨ ਦੌਰਾਨ ਲੋਕ-ਅਰਪਣ ਹੋਈਆਂ। ਐਸ਼ ਦੀ ਸ਼ਖ਼ਸੀਅਤ ਦਾ ਇੱਕ ਵੱਖਰਾ ਪਹਿਲੂ ਇਹ ਹੈ ਕਿ ਉਹ ਹਮੇਸ਼ਾ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਉਨ੍ਹਾਂ ਦੇ ਚੰਗੇ ਕੰਮ ਜਾਂ ਸਮਾਜ ਵਿੱਚ ਪਾਏ ਯੋਗਦਾਨ ਲਈ ਸ਼ਲਾਘਾ ਕਰਨਾ ਅਤੇ ਮਾਣ ਦੇਣਾ ਚਾਹੁੰਦਾ ਹੈ ਅਤੇ ਕਿਸੇ ਵੀ ਕੀਮਤ 'ਤੇ ਅਜਿਹਾ ਕਰਨ ਲਈ ਆਪਣੀ ਕਲਮ ਚੁੱਕਦਾ ਹੈ। ਇਸ ਜੀਵਨੀ *(MONOGRAPHIC)* ਪੁਸਤਕ ਦਾ ਸੰਕਲਪ ਵੀ ਇੱਕ ਅਸਾਧਾਰਨ ਵਿਅਕਤੀ *(EXTRAORDINARY PERSONALITY)* ਸੁੱਖੀ ਬਾਠ ਜੀ ਦੇ ਕੰਮਾਂ ਬਾਰੇ ਲੰਮੀ ਖੋਜ ਉਪਰੰਤ ਇੱਕ ਅਜਿਹਾ ਹੀ ਯਤਨ ਸੀ ਜਦੋਂ ਉਨ੍ਹਾਂ ਦੇ ਬਹੁਤ ਸਾਰੇ ਕਥਨਾਂ ਨੂੰ ਕਾਵਿ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਐਸ਼ ਦੇ ਦੋਸਤ ਪਿਆਰ ਨਾਲ ਉਸ ਨੂੰ 'ਕਦਰਦਾਨ ਕਵੀ' (APPRECIATIONIST POET) ਵਜੋਂ ਵੀ ਸੱਦਦੇ ਹਨ।




# ਸੁੱਖੀ ਬਾਠ

## ਜਾਣ - ਪਛਾਣ



ਸੁੱਖੀ ਬਾਠ! ਜ਼ਿੰਦਗੀਆਂ ਰੁਸ਼ਨਾਉਣ ਵਾਲਾ ਇਹ ਸ਼ਖ਼ਸ ਕਿਸੇ ਦੀਪਕ ਤੋਂ ਘੱਟ ਨਹੀਂ ਹੈ ਅਤੇ ਉਸ ਦਾ ਪ੍ਰਕਾਸ਼ ਲਿਸ਼ਕਾਰੇ ਮਾਰਦਾ ਨਜ਼ਰੀਂ ਆਉਂਦਾ ਹੈ। ਸੁੱਖੀ ਬਾਠ ਉਹ ਮਹਾਨ ਸ਼ਖ਼ਸੀਅਤ ਹੈ ਜਿਸ ਨੇ ਦੇਸ਼-ਪ੍ਰਦੇਸ਼ ਦੇ ਵਿਚ ਆਪਣੀ ਇਕ ਵਿਲੱਖਣ ਪਛਾਣ ਬਣਾਈ ਹੈ। ਪੰਜਾਬ ਦਾ ਇਹ ਸ਼ੇਰ ਪੁੱਤਰ ਆਪਣੀ ਕਹਿਣੀ ਅਤੇ ਕਰਨੀ ਦਾ ਪੂਰਕ ਹੈ। ਉਹ ਇਨਸਾਨੀਅਤ ਅਤੇ ਸਦਭਾਵਨਾ ਭਰੇ ਨਿਰਸੁਆਰਥ ਪਿਆਰ-ਮੁਹੱਬਤ ਦੀ ਇਕ ਜੀਉਂਦੀ-ਜਾਗਦੀ ਤਸਵੀਰ ਹੈ। ਸੁੱਖੀ ਬਾਠ ਅੱਜ ਉਹ ਕਰ ਗੁਜ਼ਰਿਆ ਹੈ ਜਿਸ ਨੂੰ ਦੁਨੀਆਂ ਦੇ ਬਹੁਤ ਸਾਰੇ ਬੁੱਧੀਜੀਵੀ ਅਤੇ ਸਮਾਜ ਦੇ ਸ਼ੁਭ-ਚਿੰਤਕ ਬੱਸ ਲੋਚਦੇ ਹੀ ਰਹੇ। ਸੁੱਖੀ ਬਾਠ ਨੂੰ ਅੱਜ ਦੁਨੀਆਂ ਭਰ ਵਿਚ ਇਕ ਉੱਘੇ ਕਾਰੋਬਾਰੀ ਅਤੇ ਸਮਾਜ ਸੇਵਕ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਪਰ ਸੁੱਖੀ ਬਾਠ ਇਸ ਸ਼ਿਖਰੀ ਮੁਕਾਮ ਤਕ ਕਿਵੇਂ ਪਹੁੰਚਿਆ?

ਸੁੱਖੀ ਬਾਠ ਦਾ ਜਨਮ ਪੰਜਾਬ ਦੇ ਜਲੰਧਰ ਜ਼ਿਲ੍ਹੇ ਦੇ ਹਰਦੋਫਰਾਲਾ ਪਿੰਡ, ਪਿਤਾ ਸਰਦਾਰ ਅਰਜਨ ਸਿੰਘ ਅਤੇ ਮਾਤਾ ਸਰਦਾਰਨੀ ਗੁਰਮੀਤ ਕੌਰ ਦੀ ਮਹਾਨ ਕੁੱਖੋਂ 1957 ਵਿਚ ਹੋਇਆ, ਪਰ ਉਸ ਦੇ ਮੁਤਾਬਕ ਉਸ ਦੇ ਦੋ ਪਿੰਡ ਹਨ, ਇਕ ਹਰਦੋਫਰਾਲਾ ਅਤੇ ਦੂਜਾ ਪਤਾਰਾ ਕਿਉਂਕਿ ਭਾਵੇਂ ਉਸ ਦਾ ਜਨਮ ਹਰਦੋਫਰੋਲਾ ਵਿਚ ਹੋਇਆ ਸੀ, ਪਰ ਉਸ ਦੀ ਪਰਵਰਿਸ਼ ਜ਼ਿਆਦਾ ਕਰਕੇ ਜਲੰਧਰ ਜ਼ਿਲ੍ਹੇ ਦੇ ਹੀ ਪਤਾਰਾ ਪਿੰਡ, ਮਾਂ ਸਰਦਾਰਨੀ ਸੁਰਜੀਤ ਕੌਰ (ਧਰਮ ਦੀ ਮਾਸੀ) ਕੋਲ ਹੋਈ। ਉਹ ਅੱਠਾਂ ਭੈਣਾਂ ਦਾ ਇਕ ਭਰਾ ਹੈ। ਉਸ ਨੇ ਪ੍ਰਾਇਮਰੀ ਅਤੇ ਹਾਈ ਸਕੂਲ ਦੀ



> ਵਾਹ, ਕਹਿੰਦੇ ਸਕੂਨ, ਸੁਹੱਪਣ, ਸੁਹਜ, ਸਹਿਜ ‘ਤੇ ਸ਼ਾਂਤੀ
> ਮਨੁੱਖੀ ਕਦਰਾਂ ਦਾ ਮੁਜੱਸਮਾ, ਸੁੱਖੀ ਪੰਜ ਸੱਸਿਆਂ ਦਾ ਮੇਲ
> ਚਮੜੀ, ਜਾਤ, ਵੰਸ਼, ਭਾਸ਼ਾਵਾਂ ‘ਤੇ ਹੱਦਾਂ ਪਰ੍ਹਾਂ ਸੁੱਟ-ਸੱਟ ਕੇ
> ਠੋਕ ਮੁਹੱਬਤਾਂ ਦੇ ਕਿੱਲਿਆਂ ਨੂੰ ਜੋ ਨਫ਼ਰਤ ਪਾਏ ਨਕੇਲ!

\- ਐਸ਼



ਪੜ੍ਹਾਈ ਆਪਣੇ ਪਿੰਡ ਤੋਂ ਕਰਨ ਦੇ ਬਾਅਦ ਵਿਚ ਬੀ. ਏ. ਕਰਨ ਲਈ ਜਲੰਧਰ ਦੇ ਲਾਇਲਪੁਰ ਖਾਲਸਾ ਕਾਲਜ ਵਿਚ ਦਾਖ਼ਲਾ ਲਿਆ। ਸੁੱਖੀ ਬਾਠ ਦਾ ਖੇਡਾਂ ਨਾਲ ਕੁਦਰਤੀ ਤੌਰ 'ਤੇ ਲਗਾਅ ਸੀ, ਜਦੋਂ ਉਹ ਛੇਵੀਂ-ਸੱਤਵੀਂ ਦੇ ਵਿਚ ਪੜ੍ਹਦਾ, ਉਦੋਂ ਉਹ ਖੇਡਾਂ ਵਿਚ ਪੈ ਗਿਆ, ਪ੍ਰੈਕਟਿਸ ਤੇ ਬੜਾ ਜ਼ੋਰ ਰੱਖਦਾ ਸੀ, 12-12-14-14 ਪਸ਼ੂ ਰੱਖੇ ਹੁੰਦੇ ਸੀ ਘਰੇ। ਪਹਿਲਾਂ ਤੜਕੇ ਉੱਠ ਕੇ ਉਨ੍ਹਾਂ ਨੂੰ ਪੱਠਾ ਪਾਉਣਾ, ਫਿਰ ਧਾਰਾਂ ਕੱਢਣੀਆਂ, ਸੁੱਖੀ ਦੇ ਘਰ ਰਿਵਾਜ ਸੀ ਕਿ ਕਦੇ ਘਰੋਂ ਕੁੜੀਆਂ ਨਹੀਂ ਸੀ ਧਾਰਾਂ ਕੱਢਣ ਭੇਜੀਆਂ ਜਾਂਦੀਆਂ। ਉਹ ਆਪ ਦੁੱਧ ਚੋਂਦਾ ਸੀ, ਫਿਰ ਦੋਝੀਆਂ ਦੇ ਘਰ ਪਹੁੰਚਦਾ ਕਰਦਾ ਸੀ ਤੇ ਉੱਧਰੋਂ ਕਾਲਜ ਤੋਂ 3-4 ਵਜੇ ਜਦੋਂ ਵੀ ਵਿਹਲਾ ਹੁੰਦਾ, ਸਿੱਧਾ ਦੁੱਧ ਵਾਲੇ ਕੋਲ ਪਹੁੰਚ ਜਾਂਦਾ, ਕੈਨੀ ਦੁੱਧ ਵਾਲੀ ਚੁੱਕ ਕੇ, ਕੱਪੜੇ ਬਦਲ ਕੇ ਸਿੱਧਾ ਖੇਤ ਵਿਚ, ਤੇ ਉਸ ਤੋਂ ਬਾਅਦ ਜਿਹੜਾ ਘੰਟਾ ਕੁ ਬਚਦਾ ਸੀ, ਉਹ ਆਪਣੇ ਚਾਚੇ ਕੋਲ ਪਹੁੰਚ ਜਾਂਦਾ ਸੀ ਜੋ ਉਸ ਦੀ ਬਹੁਤ ਵਰਜਸ਼ ਕਰਾਉਂਦੇ ਸਨ, ਉਹਨਾਂ ਨੇ ਬੈਠਕਾਂ ਕਰਾਉਣੀਆਂ, ਡੰਡ ਕਰਾਉਣੇ, ਚੱਕੀ ਨਾਲ ਵੇਟ ਲਿਫਟਿੰਗ ਕਰਾਉਣੀ, ਡੰਡੇ ਦੇ ਉੱਤੇ ਹਾਈ ਜੰਪ ਕਰਾਉਣਾ ਵਗੈਰਾ। ਯੂਨੀਵਰਸਿਟੀ ਪੱਧਰ ਦੇ ਖੇਡ ਮੁਕਾਬਲਿਆਂ ਵਿਚ, ਉਸ ਨੇ ਗੋਲ੍ਡ ਮੈਡਲ ਵੀ ਲਿਆਂਦਾ। ਸੁੱਖੀ ਬਾਠ ਨੂੰ ਲੱਗਦਾ ਹੈ ਕਿ ਜੇ ਉਸ ਸਮੇਂ ਉਸ ਨੂੰ ਖੇਡਾਂ ਵਿਚ ਜ਼ਿਆਦਾ ਮੌਕਾ ਮਿਲਿਆ ਹੁੰਦਾ ਅਤੇ ਵਧੀਆ ਸਾਧਨ ਹੁੰਦੇ, ਤਾਂ ਹੋ ਸਕਦਾ ਹੈ ਕਿ ਉਹ ਇਕ ਖਿਡਾਰੀ ਹੋ ਨਿੱਬੜਦਾ ਅਤੇ ਉਸ ਨੂੰ ਕੈਨੇਡਾ ਆਉਣ ਦੀ ਕੋਈ ਲੋੜ ਹੀ ਨਾ ਪੈਂਦੀ।



# ਪਰਦੇਸ (ਕੈਨੇਡਾ) ਨੂੰ ਕੂਚ




ਸੁੱਖੀ ਬਾਠ ਇਕ ਬਹੁਤ ਹੀ ਗ਼ਰੀਬ ਜਿਹੇ ਪਰਿਵਾਰ ਦਾ ਪੁੱਤ ਹੈ, ਨਾਲੇ ਜਿੱਦਾਂ ਆਪਾਂ ਪਹਿਲਾਂ ਜ਼ਿਕਰ ਕੀਤਾ ਕਿ ਉਹ ਅੱਠ ਭੈਣਾਂ ਦਾ ਇਕਲੌਤਾ ਭਰਾ ਹੈ, ਉਸ ਦੇ ਪਿਤਾ ਜੀ ਕੋਲ ਇਕ ਬੜਾ ਛੋਟਾ ਜਿਹਾ ਜ਼ਿੰਮੀਦਾਰਾ ਸੀ। ਉਸ ਦੇ ਸਿਰ ਉੱਤੇ ਵੱਡੀ ਕਬੀਲਦਾਰੀ ਦੀ ਪੰਡ ਸੀ, ਪਰਿਵਾਰ ਕੋਲ ਸਿਰਫ਼ ਦੋ-ਤਿੰਨ ਕਿੱਲੇ ਜ਼ਮੀਨ ਸੀ ਅਤੇ ਉਸ ਦੇ ਮੋਢਿਆਂ 'ਤੇ ਭੈਣਾਂ ਨੂੰ ਵਿਆਹੁਣ ਦੀ ਜ਼ਿੰਮੇਵਾਰੀ ਵੀ ਸੀ। ਭੈਣਾਂ ਬਰਾਬਰ ਦੀਆਂ ਜਵਾਨ ਸਨ। ਆਪਣੀ ਆਰਥਿਕ ਹਾਲਤ ਨੂੰ ਦੇਖ ਕੇ ਉਸ ਨੂੰ ਲੱਗਾ ਕਿ ਉਸ ਨੇ ਇੱਥੇ ਕੁਝ ਵੀ ਨਹੀਂ ਕਰ ਪਾਉਣਾ ਤੇ ਜਾਂ ਜੇ ਉਸ ਦੀ ਜ਼ਬਾਨ ਵਿਚ ਕਹੀਏ, ਤਾਂ ਉਹ ਬਾਗ਼ੀ ਹੋ ਕੇ ਭਗੌੜਾ ਹੋ ਗਿਆ ਸੀ। 1978 ਦੇ ਵਿਚ ਪਿਤਾ ਜੀ ਨੂੰ ਮਨਾ ਕੇ, ਬੀ. ਏ. ਸੈਕੰਡ ਈਅਰ ਦੀ ਪੜ੍ਹਾਈ ਵਿੱਚੇ ਛੱਡ ਕੇ ਸੁੱਖੀ ਬਾਠ ਕੈਨੇਡਾ ਆ ਬਹੁੜਿਆ ਅਤੇ ਉੱਥੇ ਹੀ ਵੱਸ ਗਿਆ ਸੀ।

ਪਰ ਕੈਨੇਡਾ ਦੇ ਵਿਚ ਜਾ ਵੱਸਣਾ ਵੀ ਕੋਈ ਸੌਖਾ ਕੰਮ ਨਹੀਂ ਸੀ ਕਿਉਂਕਿ ਜਦੋਂ ਵੀ ਅਸੀਂ ਕਿਸੇ ਨਵੀਂ ਥਾਂ `ਤੇ ਜਾ ਕੇ ਅੱਡਾ ਬਣਾਉਂਦੇ ਹਾਂ, ਤਾਂ ਊਣਤਾਈਆਂ ਤਾਂ ਪੇਸ਼ ਆਉਂਦੀਆਂ ਹੀ ਹਨ। ਉਨ੍ਹਾਂ ਦਿਨਾਂ ਵਿਚ ਕੈਨੇਡਾ ਵਿਚ ਜਾ ਕੇ ਸੈਟਲ ਹੋਣਾ ਬਹੁਤ ਹੀ ਮੁਸ਼ਕਲ ਸੀ, ਭੇਦ-ਭਾਵ ਬੜਾ ਸੀ। ਪਹਿਲੇ ਸਾਲਾਂ ਦੇ ਵਿਚ ਉਸ ਨੇ ਫਾਰਮ ਵਿਚ ਕੰਮ ਕੀਤਾ, ਕੋਈ ਮਦਦ ਕਰਨ ਵਾਲਾ ਨਹੀਂ ਸੀ, ਉੱਥੇ ਬੇਰੀਆਂ ਤੋੜਦਾ ਹੁੰਦਾ ਸੀ ਤੇ ਪਹਿਲੇ ਛੇ ਮਹੀਨੇ ਉਸ ਨੇ ਗੁਰਦੁਆਰੇ ਵਿਚ ਸੇਵਾ ਕੀਤੀ

> ਤੇਲ ਲਾ ਲਿਆ ਜੱਟ ਨੇ, ਆਪਣੀ ਸੰਮਾਂ ਵਾਲੀ ਡਾਂਗ ਨੂੰ
> ਪੁਗਾਉਣਾ ਸੀ ਲੋਕਾਂ ਦੀ, ਸੇਵਾ ਕਰਨ ਵਾਲੀ ਤਾਂਘ ਨੂੰ
> ਮਨ 'ਚ ਮਿਹਨਤ ਅਤੇ, ਦ੍ਰਿੜਤਾ ਦਾ ਨਸ਼ਾ ਛਾ ਗਿਆ
> ਆਹਾ, ਮਾਰਦਾ ਦਮਾਮੇ ਜੱਟ, ਕੈਨੇਡਾ ਆ ਗਿਆ!

- ਸੁਖੀ ਬਾਠ





ਜਿਵੇਂ ਭਾਂਡੇ ਧੋਣੇ, ਵੈਕਿਊਮ ਮਾਰਨਾ, ਫਰਸ਼ ਸਾਫ਼ ਕਰਨਾ ਤੇ ਜਦੋਂ ਸਾਰੀ ਸੰਗਤ ਚਲੀ ਜਾਂਦੀ ਸੀ, ਤਾਂ ਇਕ ਕੰਬਲ ਲੈ ਕੇ ਸੌਂ ਜਾਣਾ। ਫਿਰ ਉਸ ਨੂੰ ਪੀ. ਆਰ. ਮਿਲ ਗਿਆ। ਜਦੋਂ ਪੀ. ਆਰ. ਦਾ ਮਸਲਾ ਹੱਲ ਹੋਇਆ, ਤਾਂ ਉਸ ਨੇ ਟੈਕਸੀ ਚਲਾਉਣੀ ਸ਼ੁਰੂ ਕਰ ਦਿੱਤੀ। ਪਰ 1981 ਦੇ ਵਿਚ ਸੁੱਖੀ ਬਾਠ ਦੇ ਅੰਦਰੋਂ ਆਵਾਜ਼ ਆਈ ਕਿ ਰੱਬ ਨੇ ਉਸ ਨੂੰ ਇਕ ਵਧੀਆ ਦਿਮਾਗ਼ ਦਿੱਤਾ ਹੈ, ਨਾਲੇ ਰੱਬ ਨੇ ਉਸ ਨੂੰ ਮੁਹੱਬਤ ਕਰਨ ਵਾਲੀ ਇਕ ਆਦਤ ਲਾਈ ਹੈ। ਜਿਸ ਕਰਕੇ ਉਸ ਨੇ ਬਿਜ਼ਨਿਸ ਕਰਨ ਦੀ ਸੋਚੀ ਅਤੇ ਇਕ ਕਾਰਾਂ ਵਾਲੀ ਕੰਪਨੀ ਦੇ ਵਿਚ ਜਾ ਕੇ ਸੇਲਜ਼ਮੈਨ ਦੇ ਤੌਰ ਤੇ ਅਪਲਾਈ ਕੀਤਾ। ਉਨ੍ਹਾਂ ਨੇ ਸੁੱਖੀ ਨੂੰ ਕੰਮ ’ਤੇ ਰੱਖ ਲਿਆ, ਦਿਨਾਂ, ਮਹੀਨਿਆਂ ਦੇ ਵਿਚ ਹੀ ਉਹ ਸਿਸਟਮ ਮੈਨੇਜਰ, ਜਨਰਲ ਮੈਨੇਜਰ ਬਣ ਗਿਆ ਅਤੇ 1986 ਦੇ ਵਿਚ ਲਗਭਗ ਡੇਢ ਸੌ ਕਰਮਚਾਰੀ ਉਸ ਦੇ ਥੱਲੇ ਕੰਮ ਕਰਦੇ ਹੁੰਦੇ ਸਨ । ਉਹ ਇੱਕੋ-ਇਕ ਪੰਜਾਬੀ ਸੀ ਉਸ ਕੰਪਨੀ ਦੇ ਵਿਚ ਤੇ ਬਾਕੀ ਸਾਰੇ ਗੋਰੇ ਸਨ। ਕਰਦੇ-ਕਰਾਉਂਦੇ ਉਹ ਸਫ਼ਲਤਾ ਦੀਆਂ ਪੌੜੀਆਂ ਚੜ੍ਹਦਾ ਗਿਆ ਅਤੇ ਉਹ ਕਹਿੰਦਾ ਹੈ ਕਿ ਇਹ ਸਭ ਕੁਝ ਦਿਨ-ਰਾਤ ਮਿਹਨਤ ਕਰਨ ਸਦਕਾ ਹੀ ਹੋ ਪਾਇਆ ਹੈ। ਫਿਰ 1991 ਦੇ ਵਿਚ ਉਸ ਨੇ ਆਪਣੀ ਪਹਿਲੀ ਏਜੰਸੀ ਖੋਲ੍ਹੀ। ਉਸ ਸਮੇਂ ਉਸ ਦਾ ਬੜਾ ਥੋੜ੍ਹਾ ਜਿਹਾ ਬਜਟ ਸੀ ਯਾਨੀ ਪੰਜ-ਸੱਤ ਗੱਡੀਆਂ ਲੈਣ ਦਾ ਸੀ ਬਸ। 1979 ਦੇ ਵਿਚ ਸੁੱਖੀ ਦਾ ਵਿਆਹ ਸਰਦਾਰਨੀ ਸੁਖਵਿੰਦਰ ਕੌਰ ਜੀ ਨਾਲ ਹੋ ਗਿਆ ਅਤੇ ਉਹ ਆਪਣੇ ਆਪ ਨੂੰ



ਕਰਮਾਂ ਵਾਲਾ ਸਮਝਦਾ ਹੈ ਕਿ ਉਸ ਨੂੰ ਰੱਬ ਨੇ ਸਭ ਤੋਂ ਵਧੀਆ ਜੀਵਨ ਸਾਥੀ ਦਿੱਤਾ। 1987 ਦੇ ਵਿਚ ਉਨ੍ਹਾਂ ਦੇ ਘਰ ਇਕ ਪੁੱਤਰ ਕਿਰਤਵੀਰ ਬਾਠ ਨੇ ਜਨਮ ਲਿਆ, ਉਸ ਤੋਂ ਬਾਅਦ ਉਨ੍ਹਾਂ ਦੀ ਧੀ ਜੀਵਨ ਬਾਠ ਦਾ ਜਨਮ ਹੋਇਆ। ਸੁੱਖੀ ਬਾਠ ਮੁਤਾਬਕ ਜਿਸ ਵੇਲੇ ਉਸ ਦੀ ਧੀ ਦਾ ਜਨਮ ਹੋਇਆ ਤੇ ਉਹ ਹਸਪਤਾਲ ਪਹੁੰਚਿਆ, ਤਾਂ ਉੱਥੇ ਦੀ ਇਕ ਨਰਸ ਨੇ ਉਸ ਨੂੰ ਕਿਹਾ ਕਿ ਯੂ ਵਿਲ ਬਿਕੰਮ ਮਿਲੀਅਨੇਅਰ। ਸੁੱਖੀ ਨੇ ਉਸ ਨੂੰ ਪੁੱਛਿਆ ਕਿ ਵੱਟ ਡੂ ਯੂ ਮੀਨ ਬਾਈ ਦੈਟ, ਤਾਂ ਉਹ ਕਹਿੰਦੀ ਕਿ ਤੇਰੇ ਮੁੰਡਾ ਤਾਂ ਪਹਿਲਾਂ ਸੀ ਤੇ ਹੁਣ ਕੁੜੀ ਹੋ ਗਈ ਹੈ, ਤੇ ਤੂੰ ਮਿਲੀਅਨੇਅਰ ਹੋ ਗਿਆਂ, ਰੱਬ ਨੇ ਤੈਨੂੰ ਸਾਰਾ ਕੁਝ ਦੇ ਦਿੱਤਾ। ਸੁੱਖੀ ਬਾਠ ਕਹਿੰਦਾ ਹੈ ਕਿ ਉਹ ਦਿਨ ਤੇ ਅੱਜ ਦਾ ਦਿਨ... ਉਹ ਨਰਸ ਬਿਲਕੁਲ ਠੀਕ ਕਹਿੰਦੀ ਹੁੰਦੀ ਸੀ।




# ਨਿੱਜੀ ਵਿਚਾਰਧਾਰਾ



ਸੁੱਖੀ ਬਾਠ ਜੀ ਕਹਿੰਦੇ ਹਨ ਕਿ ਭਾਵੇਂ ਉਸ ਨੇ ਜ਼ਿੰਦਗੀ ਵਿਚ ਬਹੁਤ ਤਰੱਕੀ ਕੀਤੀ ਹੈ ਅਤੇ ਬਹੁਤ ਕੁਝ ਹਾਸਲ ਕਰ ਲਿਆ ਹੈ, ਪਰ ਉਸ ਨੇ ਹਾਲੇ ਵੀ ਮਾਤਾ ਜੀ ਵੱਲੋਂ ਅਤੇ ਪਿਤਾ ਜੀ ਵੱਲੋਂ ਮਿਲਿਆ ਮੁਲਾਇਮ ਜਿਹਾ ਦਿਲ ਸਾਂਭ ਕੇ ਰੱਖਿਆ ਹੋਇਆ ਹੈ, ਕੈਨੇਡਾ ਜਾ ਕੇ ਬਾਕੀ ਭਾਵੇਂ ਸਾਰਾ ਕੁਝ ਬਦਲ ਗਿਆ, ਪਰ ਉਸ ਨੇ ਦਿਲ ਨੂੰ ਉਹੀ ਰੱਖਿਆ।

ਸੁੱਖੀ ਬਾਠ ਆਪਣੀਆਂ ਭੈਣਾਂ ਨੂੰ ਆਪਣੇ ਜਿਗਰ ਦਾ ਟੋਟਾ ਮੰਨਦਾ ਹੈ ਅਤੇ ਉਸ ਨੂੰ ਲੱਗਦਾ ਹੈ ਕਿ ਜ਼ਿੰਦਗੀ ਦੀਆਂ ਪਰੇਸ਼ਾਨੀਆਂ ਨਾਲ ਨਜਿੱਠਣਾ ਉਸ ਨੂੰ ਆਪਣੀਆਂ ਭੈਣਾਂ ਕਰਕੇ ਹੀ ਆਇਆ ਹੈ। ਉਹ ਆਪਣੀਆਂ ਭੈਣਾਂ ਨੂੰ ਰੱਬ ਦਾ ਤੋਹਫ਼ਾ ਮੰਨਦਾ ਹੈ ਤੇ ਕਹਿੰਦਾ ਹੈ ਕਿ ਉਹ ਜਿਸ ਮੁਕਾਮ 'ਤੇ ਹੈ ਉਹ ਆਪਣੀਆਂ ਭੈਣਾਂ ਦੇ ਕਰਕੇ ਹੀ ਹੈ ਕਿਉਂਕਿ ਜਦੋਂ ਵੀ ਉਸ ਦੀ ਕਿਸੇ ਭੈਣ ਨੂੰ ਕੋਈ ਦੁੱਖ ਹੁੰਦਾ ਸੀ, ਤਾਂ ਉਹ ਸੁੱਖੀ ਲਈ ਇਕ ਚੈਲੇਂਜ ਬਣ ਜਾਂਦਾ ਸੀ ਤੇ ਉਹ ਉਸ ਚੈਲੇਂਜ ਨੂੰ ਸਿਰ-ਮੱਥੇ ਲੈ ਕੇ ਪੂਰਾ ਕਰਦਾ ਸੀ ਜਿਸ ਕਰਕੇ ਉਹ ਐਕਸਪਰਟ ਹੁੰਦਾ ਗਿਆ ਤੇ ਇਕ ਲਗਨ ਜਾਂ ਕਹਿ ਲਓ ਇਕ ਐਡਿਕਸ਼ਨ ਉਸ ਨੂੰ ਲੱਗ ਗਈ ਤੇ ਸੁੱਖੀ ਦੇ ਕਹਿਣ ਵਾਂਗ ਕਿ ਕਿਸੇ ਐਡਿਕਸ਼ਨ ਜਾਂ ਆਦਤ ਨੂੰ ਛੱਡਣਾ ਬਹੁਤ ਔਖਾ ਹੁੰਦਾ ਹੈ ਤੇ ਉਹ ਕਹਿੰਦਾ ਹੈ ਕਿ ਉਹ ਇਹ ਗੱਲ ਸਾਫ਼ ਸ਼ਬਦਾਂ ਵਿਚ ਕਹਿੰਦਾ ਹੈ ਕਿ ਉਹ ਮੁਹੱਬਤ ਦਾ ਐਡਿਕਟਡ ਹੈ ਤੇ ਜਿੰਨੀ ਦੇਰ ਉਹ ਜੀਉਂਦਾ ਰਹੇਗਾ, ਮੁਹੱਬਤ ਦੀ ਇਹ ਐਡਿਕਸ਼ਨ ਉਸ ਨੂੰ ਲੱਗੀ ਰਹੇਗੀ।



ਸੁੱਖੀ ਬਾਠ ਫਾਊਂਡੇਸ਼ਨ
(ਸਰੀ, ਕੈਨੇਡਾ)
ਮੁਹੱਬਤਾਂ ਦੇ ਗਾਹਕ ਹਰ ਜਗ੍ਹਾ ਹੁੰਦੇ ਨੇ
ਦਿਲ ਦੀ ਦੁਕਾਨ ਬਸ ਖੋਲ੍ਹਣ ਦੀ ਦੇਰ ਹੈ
- ਸੁਖੀ ਬਾਠ



ਸੁੱਖੀ ਬਾਠ ਜੀ ਦਾ ਮੰਨਣਾ ਹੈ ਕਿ ਭਾਵੇਂ ਪੈਸੇ ਬਿਨਾਂ ਨਹੀਂ ਸਰਦਾ, ਅੱਜ ਆਪਾਂ ਜੋ ਵੀ ਕਰ ਰਹੇ ਹਾਂ ਪੈਸੇ ਨਾਲ ਕਰਦੇ ਹਾਂ, ਪਰ ਉਸ ਦਾ ਕਹਿਣਾ ਹੈ ਕਿ ਅਮੀਰੀ ਦੀ ਕੋਈ ਸੀਮਾ ਹੋਣੀ ਚਾਹੀਦੀ ਹੈ, ਉਸ ਦਾ ਕਹਿਣਾ ਹੈ ਕਿ ਇਹ ਸੋਚਣਾ ਗ਼ਲਤ ਹੈ ਕਿ ਕਿਸੇ ਦੀ ਕਿੰਨੀ ਵੱਡੀ ਕੋਠੀ ਹੈ, ਕਿੱਡੀ ਵੱਡੀ ਕਿਸੇ ਕੋਲ ਕਾਰ ਹੈ, ਕਿਸੇ ਕੋਲ ਬੈਂਕ ਵਿਚ ਕਿੰਨੇ ਜ਼ਿਆਦਾ ਪੈਸੇ ਹਨ। ਸੁੱਖੀ ਬਾਠ ਮੁਤਾਬਕ ਸਿਸਟਮ ਵਿਚ ਰਹਿਣ ਲਈ, ਰੋਟੀ-ਪਾਣੀ ਲਈ ਪੈਸੇ ਦੀ ਲੋੜ ਹੈ, ਪਰ ਕਿਤੇ ਜਾ ਕੇ ਸਾਨੂੰ ਸਾਰਿਆਂ ਨੂੰ ਇਸ ’ਤੇ ਫੁੱਲ ਸਟਾਪ ਲਗਾਉਣਾ ਪੈਣਾ।

ਉਸ ਦਾ ਮੰਨਣਾ ਹੈ ਕਿ ਅਸੀਂ ਐਵੇਂ ਬਿਨਾਂ ਗੱਲੋਂ ਲੋੜਾਂ ਨੂੰ ਵਧਾਈ ਜਾ ਰਹੇ ਹਾਂ। ਜ਼ਿੰਦਗੀ ਇੰਨੀ ਔਖੀ ਨਹੀਂ ਜਿੰਨੀ ਅਸੀਂ ਬਣਾ ਲਈ ਹੈ, ਸਾਡੀਆਂ ਮੰਗਾਂ, ਤਮੰਨਾਵਾਂ, ਉਮੀਦਾਂ, ਅਸੀਂ ਹਟਦੇ ਹੀ ਨਹੀਂ, ਰੋਜ਼ ਹੋਰ ਵੱਡੀਆਂ-ਵੱਡੀਆਂ ਕਰੀ ਜਾਂਦੇ ਹਾਂ, ਪਰ ਸਾਨੂੰ ਪਤਾ ਹੈ ਕਿ ਸਿਕੰਦਰ ਵਰਗੇ ਕਿੰਨੇ ਦੁਨੀਆਂ 'ਤੇ ਆਏ, ਪਰ ਉਹ ਖਾਲੀ ਹੱਥ ਹੀ ਗਏ।

ਸੁੱਖੀ ਬਾਠ ਦਾ ਮੰਨਣਾ ਹੈ ਕਿ ਅਸੀਂ ਸੋਸਾਇਟੀ ਦੇ ਵਿੱਚੋਂ ਸਿਰਫ਼ ਲੈਣ ਦੀ ਹੀ ਉਮੀਦ ਕਿਉਂ ਰੱਖਦੇ ਹਾਂ, ਅਸੀਂ ਉਸ ਸੋਸਾਇਟੀ ਨੂੰ ਦੇਣ ਦਾ ਉਪਰਾਲਾ ਕਿਉਂ ਨਹੀਂ ਕਰਦੇ? ਸਾਨੂੰ ਇਹ ਸਿੱਖਣਾ ਚਾਹੀਦਾ ਹੈ ਕਿ ਸਾਨੂੰ ਕਿਸੇ ਨੇ ਕੁਝ ਦਿੱਤਾ ਹੈ ਅਤੇ ਸਾਡੇ ਮਾਪਿਆਂ ਨੇ ਸਾਨੂੰ ਇਸ ਦੁਨੀਆਂ ’ਤੇ ਜਨਮ ਦਿੱਤਾ ਹੈ ਤੇ ਅਸੀਂ ਉਨ੍ਹਾਂ ਨੂੰ ਕੀ ਵਾਪਸ ਦਿੱਤਾ ਹੈ? ਸੁੱਖੀ ਬਾਠ ਆਪਣੇ ਬਾਰੇ ਕਹਿੰਦਾ ਹੈ ਕਿ ਉਸ ਨੇ


ਇੱਧਰ-ਉੱਧਰ ਦੇ ਕੰਮਾਂ 'ਤੇ ਮੈਂ
ਪੈਸਾ ਲਾਉਣ ਲਈ ਗ਼ਰੀਬ ਹਾਂ
ਭਲਾਈ ਦੇ ਕੰਮੀਂ ਲਾਉਣ ਲਈ
ਤੁਹਾਡੇ ਦਿਲ ਦੇ ਕਰੀਬ ਹਾਂ!
- ਸੁੱਖੀ ਬਾਠ



ਲਾਇਲਪੁਰ ਖਾਲਸਾ ਕਾਲਜ ਜਲੰਧਰ ਤੋਂ ਪੜ੍ਹਾਈ ਕੀਤੀ ਹੈ, ਪਰ ਉਸ ਨੇ ਕਾਲਜ ਨੂੰ ਕੀ ਦਿੱਤਾ? ਉਨ੍ਹਾਂ ਨੇ ਉਸ ਨੂੰ ਐਜੂਕੇਸ਼ਨ ਦਿੱਤੀ ਹੈ। ਉਹ ਪੰਜਾਬ ਵਿਚ ਰਿਹਾ, ਉਹ ਪੰਜਾਬ ਨੂੰ ਕੀ ਵਾਪਸ ਦੇ ਰਿਹਾ ਹੈ? ਉਹ ਕੈਨੇਡਾ ਵਿਚ ਰਿਹਾ, ਉਹ ਕੈਨੇਡਾ ਨੂੰ ਕੀ ਵਾਪਸ ਦੇ ਰਿਹਾ ਹੈ। ਉਹ ਕਹਿੰਦਾ ਹੈ ਕਿ ਇਹ ਸਾਡੀ ਐਥੀਕਲ ਡਿਊਟੀ ਹੈ ਕਿ ਅਸੀਂ ਸੋਸਾਇਟੀ ਤੋਂ ਸਿਰਫ਼ ਲਈਏ ਨਾ, ਬਲਕਿ ਇਸ ਨੂੰ ਮੋੜ ਕੇ ਵੀ ਦੇਈਏ।

ਸੁੱਖੀ ਬਾਠ ਆਪਣੇ ਕਾਰਾਂ ਦੇ ਕਾਰੋਬਾਰ ਬਾਰੇ ਕਹਿੰਦਾ ਹੈ ਕਿ ਉਸ ਦਾ ਮਕਸਦ ਕਾਰਾਂ ਵੇਚਣੀਆਂ ਕਦੇ ਨਹੀਂ ਰਿਹਾ, ਬਲਕਿ ਉਹ ਹਮੇਸ਼ਾ ਕੋਸ਼ਿਸ਼ ਕਰਦਾ ਹੈ ਕਿ ਉਹ ਲੋਕਾਂ ਨੂੰ ਮੁਹੱਬਤ ਵੰਡੇ, ਉਹ ਹਰੇਕ ਬੰਦੇ ਨਾਲ ਖ਼ੁਦ ਮਿਲਦਾ ਹੈ, ਉਸ ਨੂੰ ਬੜਾ ਸ਼ੌਂਕ ਹੈ, ਜਦੋਂ ਕੋਈ ਕਸਟਮਰ ਆਉਂਦਾ ਹੈ, ਤਾਂ ਇੰਨਾ ਸਟਾਫ਼ ਹੋਣ ਦੇ ਬਾਵਜੂਦ ਉਹ ਆਪ ਚਾਹ ਹੱਥੀਂ ਬਣਾ ਕੇ ਪਿਲਾਉਂਦਾ ਹੈ। ਉਸ ਨੂੰ ਇਸ ਤਰ੍ਹਾਂ ਕਰ ਕੇ ਬੜਾ ਚੰਗਾ ਲੱਗਦਾ ਹੈ। ਉਹ ਕਹਿੰਦਾ ਹੈ ਕਿ ਉਹ ਜੋ ਵੀ ਕਰ ਰਿਹਾ ਹੈ ਬਸ ਸਕੂਨ ਪਾਉਣ ਲਈ ਕਰ ਰਿਹਾ ਹੈ। ਸੁੱਖੀ ਬਾਠ ਦਾਅਵੇ ਨਾਲ ਕਹਿੰਦਾ ਹੈ ਕਿ ਉਹ ਜਿਸ ਮੁਕਾਮ 'ਤੇ ਹੈ ਇਹਦੇ ਪਿੱਛੇ ਸਭ ਤੋਂ ਵੱਡਾ ਜੋ ਹਥਿਆਰ ਹੈ, ਜੋ ਟੂਲ ਹੈ, ਉਸ ਟੂਲ ਦਾ ਨਾਂ ਹੀ ਮੁਹੱਬਤ ਹੈ।




# ਮਾਂ ਬੋਲੀ ਅਤੇ ਸੱਭਿਆਚਾਰ ਨਾਲ ਪਿਆਰ



ਸੁੱਖੀ ਬਾਠ ਜੀ ਮਾਂ-ਬੋਲੀ ਪੰਜਾਬੀ ਨੂੰ ਬਹੁਤ ਪਿਆਰ ਕਰਦੇ ਹਨ। ਉਹ ਇਕ ਵੇਲੇ ਦੀ ਘਟਨਾ ਨੂੰ ਯਾਦ ਕਰਦਾ ਹੋਇਆ ਕਹਿੰਦਾ ਹੈ ਕਿ ਉਸ ਦੀ ਮਾਂ-ਬੋਲੀ ਪੰਜਾਬੀ ਕਰਕੇ ਹੀ ਉਸ ਨੂੰ ਕੈਨੇਡਾ ਦੀ ਪਹਿਲੀ ਨੌਕਰੀ ਮਿਲੀ ਸੀ। ਹੋਇਆ ਇਸ ਤਰ੍ਹਾਂ ਕਿ ਜਦੋਂ ਸੁੱਖੀ ਬਾਠ ਇਕ ਏਜੰਸੀ ਦੇ ਵਿਚ ਨੌਕਰੀ ਲਈ ਗਿਆ, ਤਾਂ ਮੰਗਵੀਂ ਟਾਈ ਲਾ ਕੇ ਗੱਡੀਆਂ ਦੀ ਆਟੋ ਡੀਲਰਸ਼ਿੱਪ ਜਾਂ ਏਜੰਸੀ ਪਹੁੰਚ ਗਿਆ। ਹੁਣ ਗੱਲ ਇਹ ਸੀ ਕਿ ਏਜੰਸੀ ਦੇ ਵਿੱਚ ਉਹ ਕਾਰਾਂ ਨੂੰ ਵੇਚਣ ਦੇ ਲਈ ਅਪਲਾਈ ਕਰਨ ਗਿਆ ਸੀ, ਪਰ ਉਹ ਤਾਂ ਜ਼ਿੰਦਗੀ 'ਚ ਖ਼ੁਦ ਕਦੇ ਗੱਡੀ ਵਿਚ ਨਹੀਂ ਬੈਠਾ, ਉਸ ਨੇ ਤਾਂ ਗੱਡੀ ਨੂੰ ਹੱਥ ਵੀ ਨਹੀਂ ਸੀ ਲਾਇਆ, ਉਸ ਨੂੰ ਤਾਂ ਇਹ ਵੀ ਨਹੀਂ ਸੀ ਪਤਾ ਕਿ ਜਨਰਲ ਮੋਟਰ ਕਿਸ ਬਲਾ ਦਾ ਨਾਂ ਹੈ। ਏਜੰਸੀ ਵਿਚ ਇਕ ਲੰਬਾ ਹੱਟਾ-ਕੱਟਾ ਗੋਰਾ ਮੈਨੇਜਰ ਸੀ ਤੇ ਸੁੱਖੀ ਨੇ ਉਸ ਨੂੰ ਜਾ ਕੇ ਦੱਸਿਆ ਕਿ ਉਹ ਕਾਹਦੇ ਲਈ ਆਇਆ ਸੀ, ਪਰ ਉਹ ਸੁੱਖੀ ਨੂੰ ਕਹਿੰਦਾ ਕਿ ਤੁਸੀਂ ਥੋੜ੍ਹੀ ਦੇਰ ਬੈਠੋ, ਅੱਧਾ ਕੁ ਘੰਟਾ ਬੈਠਣ ਤੋਂ ਬਾਅਦ ਸੁੱਖੀ ਬਾਠ ਨੇ ਸੋਚਿਆ ਕਿ ਇਸ ਗੋਰੇ ਨੇ ਤਾਂ ਟਾਈਮ ਵੇਸਟ ਕਰਨਾ। ਉਸ ਗੋਰੇ ਨੇ ਸੁੱਖੀ ਨੂੰ ਆਪਣੇ ਦਫ਼ਤਰ ਵਿੱਚ ਸੱਦਿਆ ਤੇ ਜਿਹੜਾ ਉਸ ਦਾ ਰੈਜ਼ਿਮੇ ਸੀਗਾ ਉਹਨੂੰ ਪੁੱਠਾ ਲੰਮਾ ਪਾ ਦਿੱਤਾ ਤੇ ਸੁੱਖੀ ਨੂੰ ਲੱਗਾ ਕਿ ਨੌਕਰੀ ਤਾਂ ਮਿਲਣੋਂ ਰਹੀ। ਪਰ ਉਸ ਨੇ ਸੁੱਖੀ ਨੂੰ ਪੁੱਛਿਆ ਕਿ ਕੀ ਉਹ ਠੇਠ ਪੰਜਾਬੀ ਬੋਲ ਲੈਂਦਾ ਹੈ ਤੇ ਸੁੱਖੀ ਤਾਂ ਠੇਠ ਪੰਜਾਬੀ ਬੋਲਦਾ ਹੀ ਹੈ। ਇਸ ਲਈ ਜਦੋਂ ਸੁੱਖੀ ਨੇ ਕਿਹਾ ਕਿ ਉਹ ਠੇਠ ਪੰਜਾਬੀ ਬੋਲ ਲੈਂਦਾ ਹੈ


ਕੁਝ ਅਜਿਹਾ ਕਰੀਏ ਮਾਂ ਬੋਲੀ ਲਈ
ਇਹਦੇ ਸੁਫ਼ਨੇ ਸਾਕਾਰ ਹੋ ਪੁੱਗਣ,
ਸਾਡੇ ਤੋਂ ਮਗਰੋਂ ਵੀ ਸਾਡੀ ਮਿੱਟੀ 'ਚੋਂ
ਪੰਜਾਬੀਅਤ ਦੇ ਫੁੱਲ ਪਏ ਉੱਗਣ!
- ਸੁੱਖੀ ਬਾਠ



ਤਾਂ ਉਸ ਗੋਰੇ ਨੇ ਉਸ ਨੂੰ ਅਗਲੀ ਸਵੇਰ ਨੂੰ ਨੌਂ ਵਜੇ ਕੰਮ 'ਤੇ ਆ ਜਾਣ ਲਈ ਕਿਹਾ। ਸੁੱਖੀ ਨੂੰ ਸਮਝ ਨਹੀਂ ਆਈ ਕਿ ਹੋ ਕੀ ਰਿਹਾ ਹੈ। ਉਸ ਨੇ ਆਪਣੇ ਮਨ ਵਿਚ ਸੋਚਿਆ ਕਿ ਕਾਰਾਂ ਵੇਚਣ ਦਾ ਉਸ ਨੂੰ ਕੋਈ ਤਜਰਬਾ ਨਹੀਂ ਹੈ। ਮਨ ਵਿਚ ਤਾਂ ਉਹ ਖ਼ੁਸ਼ ਸੀ ਪਰ ਨਾਲ ਦੀ ਨਾਲ ਡਰ ਵੀ ਰਿਹਾ ਸੀ ਕਿ ਸਵੇਰੇ ਨੌਂ ਵਜੇ ਜਾਣਾ ਹੈ ਤੇ ਕੀ ਹੋਏਗਾ? ਦੂਸਰੇ ਦਿਨ ਨੌਂ ਵਜੇ ਉਹ ਗਿਆ ਤੇ ਉਨ੍ਹਾਂ ਨੇ ਸਾਰੀ ਫਾਰਮੈਲਟੀ ਕੀਤੀ ਤੇ ਉਸ ਨੂੰ ਬੈਠ ਕੇ ਸਮਝਾਇਆ ਕਿ ਉਨ੍ਹਾਂ ਦੀ ਏਜੰਸੀ ਦੇ ਵਿਚ ਪੰਜਾਬੀ ਬਹੁਤ ਆਉਂਦੇ ਹਨ, ਪਰ ਉਹ ਪੰਜਾਬੀ ਨਾ ਆਉਣ ਕਰਕੇ ਉਨ੍ਹਾਂ ਨਾਲ ਵਾਰਤਾਲਾਪ ਨਹੀਂ ਕਰ ਪਾਉਂਦੇ। ਇਸ ਕਰਕੇ ਸੁੱਖੀ ਨੂੰ ਚਾਹੇ ਅੰਗ੍ਰੇਜ਼ੀ ਆਉਂਦੀ ਜਾਂ ਨਹੀਂ ਆਉਂਦੀ, ਉਸ ਕੋਲ ਕਾਰਾਂ ਦਾ ਤਜਰਬਾ ਹੈ ਜਾਂ ਨਹੀਂ। ਉਨ੍ਹਾਂ ਨੇ ਇਸ ਕਰਕੇ ਸੁੱਖੀ ਨੂੰ ਕੰਮ 'ਤੇ ਰੱਖ ਲਿਆ ਹੈ ਕਿਉਂਕਿ ਉਸ ਨੂੰ ਪੰਜਾਬੀ ਬੋਲਣੀ ਆਉਂਦੀ ਸੀ।

ਸੁੱਖੀ ਬਾਠ ਦੇ ਘਰ ਅਤੇ ਦਫ਼ਤਰ ਵਿਚ ਪੰਜਾਬੀ ਵਿਚ ਹੀ ਗੱਲ ਕੀਤੀ ਜਾਂਦੀ ਹੈ। ਜ਼ਿਆਦਾਤਰ ਕੰਮ ਵੀ ਪੰਜਾਬੀ ਭਾਸ਼ਾ ਵਿਚ ਹੀ ਕੀਤਾ ਜਾਂਦਾ ਹੈ। ਉਨ੍ਹਾਂ ਦੇ ਜਿੰਨੇ ਵੀ ਵਪਾਰਕ ਅਦਾਰੇ ਹਨ, ਉਨ੍ਹਾਂ ਦੇ ਜਿੰਨੇ ਸਾਈਨ ਬੋਰਡ ਹਨ, ਉਨ੍ਹਾਂ 'ਤੇ ਅੰਗ੍ਰੇਜ਼ੀ ਦੇ ਨਾਲ-ਨਾਲ ਪੰਜਾਬੀ ਭਾਸ਼ਾ ਵਿਚ ਵੀ ਲਿਖਿਆ ਗਿਆ ਹੈ।



# ਵਿਦੇਸ਼ ਬਨਾਮ ਪੰਜਾਬ



ਸੁੱਖੀ ਬਾਠ ਜੀ ਦਾ ਕਹਿਣਾ ਹੈ ਕਿ 1978 ਦੇ ਵਿਚ ਜੋ ਕੈਨੇਡਾ ਸੀ, ਕੈਨੇਡਾ ਹੁਣ ਉਹ ਵੀ ਨਹੀਂ ਰਿਹਾ, ਇਹ ਵੀ ਗੱਲ ਮੰਨਣ ਵਾਲੀ ਹੈ, ਉਹ ਕਹਿੰਦਾ ਹੈ ਕਿ ਉਹ ਕੈਨੇਡਾ ਮੁਲਕ ਨੂੰ ਬੜਾ ਪਿਆਰ ਕਰਦਾ ਹੈ, ਉਹ ਪੰਜਾਬ ਨੂੰ ਬੜਾ ਪਿਆਰ ਕਰਦਾ ਹੈ, ਪਰ ਜਦੋਂ ਉਹ ਪੰਜਾਬ ਦਾ ਢਾਂਚਾ ਦੇਖਦਾ ਹੈ, ਤਾਂ ਉਸ ਮੁਤਾਬਕ ਇਹ ਕੈਨੇਡਾ ਨਾਲੋਂ ਜ਼ਿਆਦਾ ਬਦਲ ਗਿਆ ਹੈ, ਪਰ ਉਹ ਇਹ ਵੀ ਮੰਨਦਾ ਹੈ ਕਿ ਕੈਨੇਡਾ ਦੇ ਵਿਚ ਵੀ ਸਮੱਸਿਆਵਾਂ ਹਨ, ਪਰ ਉਹ ਰੈਗੂਲਰ ਸਮੱਸਿਆਵਾਂ ਹਨ, ਮਿਸਾਲ ਲਈ ਅਸੀਂ ਇਹ ਨਹੀਂ ਕਹਿ ਸਕਦੇ ਕਿ ਕੈਨੇਡਾ ਦੇ ਵਿਚ ਨਸ਼ੇ ਨਹੀਂ, ਆਪਾਂ ਇਹ ਨਹੀਂ ਕਹਿ ਸਕਦੇ ਕਿ ਉੱਥੇ ਬੇਰੋਜ਼ਗਾਰੀ ਨਹੀਂ, ਅਸੀਂ ਇਹ ਨਹੀਂ ਕਹਿ ਸਕਦੇ ਕਿ ਉੱਥੇ ਲੋਕ ਬੇਘਰ ਨਹੀਂ, ਪਰ ਜਦੋਂ ਅਸੀਂ ਮੋਟੇ-ਮੋਟੇ ਤੌਰ 'ਤੇ ਦੇਖਦੇ ਹਾਂ, ਸਿਸਟਮ ਨੂੰ ਦੇਖਦੇ ਹਾਂ, ਫਿਰ ਵੀ ਕੈਨੇਡਾ ਦਾ ਸਿਸਟਮ ਬੜਾ ਅੱਵਲ ਦਰਜੇ ਦਾ ਸਿਸਟਮ ਹੈ ਜਿੱਥੇ ਇਨਸਾਨੀਅਤ ਦੀ ਕਦਰ ਕੀਤੀ ਜਾਂਦੀ ਹੈ।

ਸੁੱਖੀ ਬਾਠ ਪੰਜਾਬ ਬਾਰੇ ਕਹਿੰਦਾ ਹੈ ਕਿ ਕੈਨੇਡਾ ਦੀਆਂ ਬਹੁਤ ਸਾਰੀਆਂ ਇੱਦਾਂ ਦੀਆਂ ਗੱਲਾਂ ਹਨ ਜਿਨ੍ਹਾਂ ਨੂੰ ਉਹ ਪੰਜਾਬ ਆ ਕੇ ਲਾਗੂ ਕਰਨ ਦੀ ਕੋਸ਼ਿਸ਼ ਕਰਦਾ ਹੈ, ਪਰ ਉਸ ਦਾ ਮੰਨਣਾ ਹੈ ਕਿ ਸਾਡਾ ਸਿਸਟਮ ਉਨ੍ਹਾਂ ਗੱਲਾਂ ਨੂੰ ਲਾਗੂ ਨਹੀਂ ਕਰਨ ਦਿੰਦਾ। ਜੇ ਗੱਲ ਸਫ਼ਾਈ ਦੀ ਕਰੀਏ, ਤਾਂ ਹੁਣ ਜੇ ਕੋਈ ਪਿੰਡ ਵਿਚ ਹੀ ਮੁਹਿੰਮ ਚਲਾ ਦੇਵੇ, ਤਾਂ ਸਾਡਾ ਆਪਣਾ ਪਿੰਡ ਹੀ ਉਸ ਨੂੰ ਮੰਨਣ ਲਈ ਤਿਆਰ ਨਹੀਂ, ਇਕ ਕੂੜੇ ਦੀ ਕੋਈ ਸ਼ੈਅ ਪਈ ਹੈ, ਤਾਂ ਕੋਈ ਵੀ ਉਸ ਨੂੰ ਡੱਬੇ ਦੇ



ਵਿਚ ਨਹੀਂ ਪਾਉਂਦਾ। ਜੇ ਇਕ-ਦੋ ਦਿਨ ਸਾਰਾ ਪਿੰਡ ਉਸ ਨੂੰ ਮੰਨ ਲਵੇ, ਤਾਂ ਸਾਡਾ ਪਿੰਡ ਦੋ ਦਿਨ ਵਿਚ ਸਵਰਗ ਬਣ ਸਕਦਾ ਹੈ। ਉਹ ਅੱਗੇ ਕਹਿੰਦਾ ਹੈ ਕਿ ਜਦੋਂ ਅਸੀਂ ਐਜੂਕੇਸ਼ਨ ਸਿਸਟਮ ਵਿਚ ਜਾਂਦੇ ਹਾਂ, ਤਾਂ ਸਾਨੂੰ ਪਤਾ ਹੈ ਕਿ ਆਪਣੇ ਨਿਆਣੇ ਨੂੰ ਇੱਥੇ ਪੰਜਾਬ ਵਿਚ ਡਾਕਟਰ ਬਣਾਉਣ ਲਈ ਕਿੰਨੇ ਪਾਪੜ ਵੇਲਣੇ ਪੈਂਦੇ ਹਨ। ਸੋ ਸੁੱਖੀ ਬਾਠ ਮੁਤਾਬਕ ਸਾਡੇ ਇਸ ਸਿਸਟਮ ਦੇ ਵਿਚ ਸਾਨੂੰ ਇਕ ਬਹੁਤ ਵੱਡਾ ਪਰਿਵਰਤਨ ਲਿਆਉਣ ਦੀ ਜ਼ਰੂਰਤ ਹੈ ਜਿਹੜਾ ਕਿ ਬਹੁਤ ਜ਼ਰੂਰੀ ਹੈ, ਨਹੀਂ ਤਾਂ ਸਾਡਾ ਦੇਸ਼ ਦਿਨੋ-ਦਿਨ ਪਿੱਛੇ ਜਾਂਦਾ ਜਾਵੇਗਾ ਅਤੇ ਜਿਹੜੀ ਤਰੱਕੀ ਅਸੀਂ ਚਾਹੁੰਦੇ ਹਾਂ, ਉਹ ਨਹੀਂ ਹੋਣੀ।

ਇਹ ਗੱਲ ਨਹੀਂ ਕਿ ਸੁੱਖੀ ਬਾਠ ਪੰਜਾਬ ਦੇ ਇਸ ਸਿਸਟਮ ਵਿਚ ਸੁਧਾਰ ਲਿਆਉਣ ਦੀ ਆਪ ਕੋਸ਼ਿਸ਼ ਨਹੀਂ ਕਰਦਾ, ਪਰ ਉਸ ਦਾ ਕਹਿਣਾ ਹੈ ਕਿ ਉਸ ਦੀਆਂ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਇੱਥੇ ਕਿਸੇ ਦੇ ਕੰਨ 'ਤੇ ਜੂੰ ਨਹੀਂ ਸਰਕਦੀ, ਸਗੋਂ ਇੱਥੇ ਦਾ ਪ੍ਰਬੰਧ ਤਾਂ ਉਸ ਦਾ ਵੀ ਸਿਰ ਘੁਮਾ ਦਿੰਦਾ ਹੈ, ਜਿਹੜੀ ਗੱਲ ਚੁਟਕੀਆਂ ਵਿਚ ਹੋ ਸਕਦੀ ਹੈ, ਉਸ ਨੂੰ ਛੇ-ਛੇ ਮਹੀਨੇ ਲਟਕਾਈ ਰੱਖਦੇ ਹਨ। ਸੁੱਖੀ ਬਾਠ ਅਵੇਅਰਨੈੱਸ ਜਾਂ ਜਾਗਰੂਕਤਾ ਨੂੰ ਲੈ ਕੇ ਹਮੇਸ਼ਾ ਤੋਂ ਹੀ ਗੰਭੀਰ ਰਿਹਾ ਹੈ। ਉਸਦਾ ਮੰਨਣਾ ਹੈ ਕਿ ਜਾਗਰੂਕਤਾ ਦਾ ਪੈਦਾ ਹੋਣਾ ਬਹੁਤ ਜ਼ਰੂਰੀ ਹੈ। ਸੁੱਖੀ ਬਾਠ ਕਹਿੰਦਾ ਹੈ ਕਿ ਉਹ ਚਾਹੁੰਦਾ ਹੈ ਕਿ ਲੋਕ ਕਦੇ ਵੀ ਉਸ ਦੀਆਂ ਗੱਲਾਂ ਦਾ


ਹੁਣ ਤੋਂ ਦਸਾਂ ਸਾਲਾਂ ਬਾਅਦ,
ਅਸੀਂ ਕਿੱਥੇ ਹੋਣਾ ਚਾਹਵਾਂਗੇ
ਕੈਨੇਡਾ ਵਿੱਚ ਏਦਾਂ ਸੋਚ ਕੇ ਲੋਕ
ਯੋਜਨਾਵਾਂ ਨੂੰ ਨੇ ਉਲੀਕਦੇ...
ਸਵੇਰ ਨੂੰ ਉੱਠ ਕੇ ਸੋਚਣਾ
ਅੱਜ ਕੀ ਕਰਨਾ ਹੈ
ਕਰਨਾ ਵੀ ਹੈ ਕਿ ਨਹੀਂ ਕਰਨਾ,
ਖਵਰੇ ਪੰਜਾਬ 'ਚ ਲੋਕ ਕ੍ਰਿਨੂ ਨੇ ਉਡੀਕਦੇ
- ਸੁੱਖੀ ਬਾਠ



ਗ਼ਲਤ ਮਤਲਬ ਨਾ ਕੱਢਣ ਜਦੋਂ ਉਹ ਲੋਕਾਂ ਨੂੰ ਸਹੀ ਰਾਹ ’ਤੇ ਪਾਉਣ ਦੀ ਕੋਸ਼ਿਸ਼ ਕਰ ਰਿਹਾ ਹੁੰਦਾ ਹੈ, ਉਹ ਨਹੀਂ ਚਾਹੁੰਦਾ ਕਿ ਲੋਕ ਇਹ ਸੋਚਣ ਕਿ ਉਹ ਕਿੰਨਾ ਵੱਡਾ ਹੈ ਜਾਂ ਕਿੰਨਾ ਵਧੀਆ ਇਨਸਾਨ ਹੈ। ਉਹ ਆਪਣੇ ਆਪ ਨੂੰ ਇਕ ਆਰਡਨਰੀ ਯਾਨੀ ਇਕ ਆਮ ਇਨਸਾਨ ਕਹਿੰਦਾ ਹੈ ਜਿਸ ਨੂੰ ਗੁਰਦੁਆਰਿਆਂ ਵਿਚ, ਕੈਂਪਾਂ ਵਿਚ ਲਾਲ ਤੇ ਹਰੀ ਦਰੀ ਦੇ ਉੱਤੇ ਸੌਂ ਕੇ ਜਿੰਨੀ ਵਧੀਆ ਨੀਂਦ ਆਉਂਦੀ ਹੈ, ਉਹ ਉਸ ਨੂੰ ਲੱਖਾਂ ਦੇ ਗੱਦਿਆਂ ਉੱਤੇ ਪੈ ਕੇ ਵੀ ਨਹੀਂ ਆਉਂਦੀ।

ਸੁੱਖੀ ਬਾਠ ਸਾਡੇ ਉਨ੍ਹਾਂ ਬੱਚਿਆਂ ਨੂੰ ਲੈ ਕੇ ਬਹੁਤ ਪਰੇਸ਼ਾਨ ਰਹਿੰਦਾ ਹੈ ਜੋ ਪੜ੍ਹਾਈ ਕਰਨ ਲਈ ਬਾਹਰਲੇ ਮੁਲਕਾਂ ਵਿਚ ਜਾਂਦੇ ਹਨ। ਉਸ ਦਾ ਮੰਨਣਾ ਹੈ ਕਿ ਜੇ ਅੱਜ ਕਿਸੇ ਨੇ ਅੱਗੇ ਆ ਕੇ ਇਸ ਦੀ ਅਵੇਰਨੈੱਸ ਜਾਂ ਜਾਗਰੂਕਤਾ ਨਾ ਪੈਦਾ ਕੀਤੀ, ਤਾਂ ਸਾਡੇ ਬੱਚੇ ਰੁਲ਼ ਜਾਣਗੇ ਤੇ ਇੱਥੋਂ ਤਕ ਰੁਲ਼ ਜਾਣਗੇ ਕਿ ਉਹ ਮਾਨਸਿਕ ਤਣਾਅ ਵਿਚ ਚਲੇ ਜਾਣਗੇ। ਸੁੱਖੀ ਬਾਠ ਨਿਰਾਸ਼ਾ ਵਿਅਕਤ ਕਰਦਾ ਹੋਇਆ ਕਹਿੰਦਾ ਹੈ ਕਿ ਤੁਸੀਂ ਜਿਨ੍ਹਾਂ ਨੂੰ ਡਾਕਟਰ ਜਾਂ ਵਕੀਲ ਬਣਾਉਣ ਦੀ ਸੋਚ ਰਹੇ ਹੋ, ਉਹ ਆਪਣੀ ਰੋਟੀ ਕਮਾਉਣ ਜੋਗੇ ਨਹੀਂ ਰਹਿ ਜਾਣਗੇ। ਉਹ ਇਸ ਦਾ ਕਾਰਨ ਸਾਡੇ ਗਿਆਨ ਜਾਂ ਨੌਲਜ ਦੀ ਕਮੀ ਨੂੰ ਮੰਨਦਾ ਹੈ। ਬੱਚੇ ਨੂੰ ਕੈਨੇਡਾ ਭੇਜਣਾ, ਹਰ ਮਾਂ-ਬਾਪ ਦਾ ਸੁਪਨਾ ਹੈ, ਹਰ ਕਿਸੇ ਦਾ ਸੁਪਨਾ ਹੈ ਕਿ ਉਸ ਦਾ ਬੱਚਾ ਕੈਨੇਡਾ ਪੜ੍ਹੇ, ਸੁੱਖੀ ਬਾਠ ਮਾਪਿਆਂ ਨੂੰ ਕਹਿੰਦਾ ਹੈ ਕਿ ਚਾਹੇ ਤੁਸੀਂ ਆਪਣੇ ਬੱਚੇ ਨੂੰ ਆਸਟ੍ਰੇਲੀਆ ਪੜ੍ਹਾਓ ਜਾਂ ਕੈਨੇਡਾ, ਪਰ ਪਹਿਲਾਂ ਉਸ ਦੀ ਸਟੱਡੀ ਕਰੋ,



ਪਹਿਲੀ ਗੱਲ ਤਾਂ ਇਹ ਹੈ ਕਿ ਕੀ ਤੁਸੀਂ ਫਾਈਨਾਨਸ਼ੀਅਲੀ ਅਫੋਰਡ ਕਰ ਸਕਦੇ ਹੋ? ਬੱਚੇ ਨੂੰ ਕੈਨੇਡਾ ਦੇ ਦੂਜੇ ਪਾਸੇ ਲਗਾਉਣ ਨਾਲ ਮਸਲਾ ਹੱਲ ਨਹੀਂ ਹੁੰਦਾ, ਅਸਲ ਵਿਚ ਮਸਲਾ ਸ਼ੁਰੂ ਹੀ ਉਦੋਂ ਹੁੰਦਾ ਜਦੋਂ ਬੱਚਾ ਬਾਰਡਰ ਟੱਪ ਕੇ ਕੈਨੇਡਾ ਦੇ ਵਿਚ ਪਹੁੰਚਦਾ ਹੈ। ਸਾਡੇ ਲੋਕ ਸੋਚਦੇ ਹਨ ਕਿ ਆਪਣੇ ਬੱਚਿਆਂ ਦੇ ਪਹਿਲੇ ਸਮੈਸਟਰ ਦੀ ਫ਼ੀਸ ਦੇ ਦਿਓ, ਫਿਰ ਇਸ ਨੇ ਕੈਨੇਡਾ ਚਲੇ ਜਾਣਾ, ਆਪੇ ਕਮਾ ਲਵੇਗਾ। ਸੁੱਖੀ ਬਾਠ ਦੱਸਦਾ ਹੈ ਕਿ ਉਹਦੇ ਆਫ਼ਿਸ ਦੇ ਵਿਚ 6-7 ਕੇਸ ਰੋਜ਼ਾਨਾ ਇਸ ਤਰ੍ਹਾਂ ਦੇ ਆਉਂਦੇ ਹਨ ਜਿਹੜੇ ਬੱਚੇ ਇਹ ਕਹਿ ਰਹੇ ਹੁੰਦੇ ਹਨ ਕਿ "ਅੰਕਲ ਜੀ, ਅੱਜ ਰੋਟੀ ਲਈ ਪੈਸੇ ਨਹੀਂ ਹੈਗੇ, ਫ਼ੀਸ ਦੀ ਗੱਲ ਤਾਂ ਅਜੇ ਬਹੁਤ ਦੂਰ ਹੈ।" ਇਕ ਸਮੈਸਟਰ ਦੇ ਪੈਸੇ ਲਾਉਣ ਨਾਲ ਸਭ ਮਸਲੇ ਹੱਲ ਨਹੀਂ ਹੋ ਜਾਂਦੇ। ਸੁੱਖੀ ਬਾਠ ਸਾਰੇ ਮਾਪਿਆਂ ਨੂੰ ਬੇਨਤੀ ਕਰਦਾ ਹੈ ਕਿ ਸਾਰੇ ਆਪਣੇ ਆਪ ਨੂੰ, ਆਪਣੇ ਬੱਚਿਆਂ ਨੂੰ ਗਿਆਨਵਾਨ ਬਣਾਉਣ। ਜੇ ਬੱਚੇ ਕੈਨੇਡਾ ਭੇਜਣੇ ਹਨ, ਆਸਟ੍ਰੇਲੀਆ ਭੇਜਣੇ ਹਨ, ਤਾਂ ਪਹਿਲਾਂ ਉਨ੍ਹਾਂ ਦੀ ਸਟੱਡੀ ਕਰੋ, ਦੂਜੇ ਸ਼ਬਦਾਂ ਵਿਚ ਦੇਖੋ ਕਿ ਕੀ ਤੁਹਾਡੇ ਕੋਲ ਇੰਨਾ ਪੈਸਾ ਹੈ ਕਿ ਤੁਸੀਂ ਬਾਹਰਲੇ ਮੁਲਕਾਂ ਵਿਚ ਆਪਣੇ ਬੱਚਿਆਂ ਦੀ ਪੜ੍ਹਾਈ ਦਾ ਖ਼ਰਚਾ ਚੁੱਕ ਸਕੋ? ਸੁੱਖੀ ਬਾਠ ਦਾ ਮੰਨਣਾ ਹੈ ਕਿ ਸਾਡੇ ਬੱਚਿਆਂ ਦੀ ਨਾਕਾਮਯਾਬੀ ਦਾ ਵੱਡਾ ਕਾਰਨ ਆਰਥਿਕ ਬੋਝ ਹੈ। ਦੂਜਾ ਕਾਰਨ ਉਹ ਇਹ ਦਿੰਦੇ ਹਨ ਕਿ ਕੈਨੇਡਾ ਦਾ ਸਿਸਟਮ ਬਹੁਤ ਸਿਸਟਮੈਟਿਕ ਚੱਲਦਾ ਹੈ, ਉਹ 12 ਘੰਟੇ ਜਿਹੜਾ ਕਾਨੂੰਨੀ ਪ੍ਰਬੰਧ ਹੈ, ਬੱਚਿਆਂ ਨੂੰ ਕਹਿੰਦੇ ਹਨ ਕਿ ਉਹ ਕੰਮ ਜਾਂ ਜੌਬਸ ਕਰ ਲੈਣ, ਪਰ ਮੁਸ਼ਕਲ ਇਹਦੇ ਵਿਚ ਇਹ ਆਉਂਦੀ ਹੈ



ਕਿ ਉਨ੍ਹਾਂ ਕੋਲ ਇੰਨੇ ਹੁਨਰ ਨਹੀਂ ਹੁੰਦੇ, ਉਨ੍ਹਾਂ ਨੂੰ ਬੜੀ ਬੇਸਿਕ ਜਿਹੀ ਜੌਬ ਮਿਲਦੀ ਹੈ ਜਿਹੜੀ ਕੋਲੰਬੀਆ ਦੇ ਵਿਚ 11 ਕੁ ਡਾਲਰ ਪ੍ਰਤੀ ਘੰਟੇ ਦੀ ਹੈ, ਇੰਨੇ ਘੱਟ ਪੈਸਿਆਂ ਨਾਲ ਉੱਥੇ ਗੁਜ਼ਾਰਾ ਕਿਵੇਂ ਹੋਵੇਗਾ? 700-800 ਡਾਲਰ ਤਾਂ ਲੋਕਾਂ ਨੂੰ ਕਿਰਾਇਆ ਹੀ ਪੈ ਜਾਂਦਾ ਹੈ, ਫਿਰ ਬੱਚੇ ਦਾ ਉੱਥੇ ਕਾਰ ਬਿਨਾਂ ਨਹੀਂ ਸਰਨਾ, ਉਹ ਖਾਵੇਗਾ ਕੀ? ਜੇਬ ਖ਼ਰਚ ਲਈ ਉਸ ਕੋਲ ਕੀ ਰਹਿ ਜਾਵੇਗਾ? ਉਸ ਨੇ ਕਿਤਾਬਾਂ ਵੀ ਲੈਣੀਆਂ ਹਨ, ਉਸ ਨੇ ਕੱਪੜਾ ਵੀ ਲੈਣਾ, ਉਸ ਨੇ ਉਸ ਸੋਸਾਇਟੀ ਜਿਹਦੇ ਵਿਚ ਉਸ ਨੇ ਰਹਿਣਾ ਹੈ ਉਹਦੇ ਸਟੈਂਡਰਡ ਮੁਤਾਬਕ ਜੀਉਣਾ ਹੈ। ਸੁੱਖੀ ਬਾਠ ਸਿੱਧੇ-ਸਿੱਧੇ ਇਹ ਗੱਲ ਕਹਿੰਦਾ ਹੈ ਕਿ ਜੇ ਕੋਈ ਆਪਣਾ ਬੱਚਾ ਬਾਹਰ ਭੇਜ ਰਿਹਾ, ਤਾਂ 60 ਹਜ਼ਾਰ ਡਾਲਰ ਪਹਿਲਾਂ ਆਪਣੇ ਬੱਚੇ ਲਈ ਅਲੱਗ ਰੱਖੇ, ਮਾਪਿਆਂ ਨੇ ਬੱਚੇ ਨੂੰ ਚਾਂਵਾਂ ਨਾਲ, ਆਪਣੇ ਦਿਲ ਦੇ ਟੁਕੜੇ ਨੂੰ ਪਾਲ਼ਿਆ ਹੈ, ਉਸ ਨੂੰ ਜਹਾਜ਼ 'ਤੇ ਨਾ ਬੈਠਣ ਦਿਓ ਜਦ ਤਕ 60 ਹਜ਼ਾਰ ਡਾਲਰ ਉਸ ਦੀ ਹਥੇਲੀ 'ਤੇ ਨਹੀਂ ਪਿਆ। ਇਸ ਦੇ ਨਾਲ-ਨਾਲ ਸੁੱਖੀ ਬਾਠ ਪੰਜਾਬ ਦੀਆਂ ਕੁਝ ਊਣਤਾਈਆਂ ਨੂੰ ਸੁਧਾਰਨ ਦਾ ਸੁਝਾਅ ਵੀ ਦਿੰਦਾ ਹੈ ਜਿੱਦਾਂ ਕਿ ਉਸ ਦਾ ਕਹਿਣਾ ਹੈ ਕਿ ਸੱਥ ਵਿਚ ਤਾਸ਼ ਖੇਡਣੀ ਕੋਈ ਬੁਰੀ ਗੱਲ ਨਹੀਂ ਹੈ, ਪਰ ਉਸ ਦੀ ਕੋਈ ਲਿਮਟ ਹੋਣੀ ਚਾਹੀਦੀ ਹੈ। ਦੂਸਰਾ, ਪਰਿਵਾਰ ਦੇ ਵਿੱਚ ਕੰਮਿਊਨੀਕੇਸ਼ਨ ਯਾਨੀ ਆਪਸੀ ਰਾਬਤਾ ਹੋਣਾ ਇਹ ਕਾਮਯਾਬੀ ਲਈ ਬਹੁਤ ਜ਼ਰੂਰੀ ਹੈ। ਉਸ ਦਾ ਕਹਿਣਾ ਹੈ ਕਿ ਉਹ ਜਦੋਂ ਅਕਸਰ ਇੰਡੀਆ ਵਿਚ ਆਉਂਦਾ ਹੈ, ਤਾਂ ਦੇਖਦਾ ਹੈ ਕਿ ਉਹ ਜਿਨ੍ਹਾਂ



ਪਰਿਵਾਰਾਂ ਦੇ ਵਿਚ ਵੀ ਬੈਠਦਾ ਹੈ, ਉਨ੍ਹਾਂ ਸਾਰੇ ਪਰਿਵਾਰਾਂ ਦਾ ਕੰਮਿਊਨੀਕੇਸ਼ਨ ਜਾਂ ਆਪਸੀ ਰਾਬਤਾ ਬੜਾ ਨਿਕੰਮਾ ਜਿਹਾ ਹੈ, ਕਿਸੇ ਨੂੰ ਕੋਈ ਕੁਝ ਦੱਸਦਾ ਹੀ ਨਹੀਂ, ਪਰਿਵਾਰ ਦਾ ਕੋਈ ਬੰਦਾ ਕਹਿੰਦਾ ਹੈ ਕਿ ਉਸ ਨੇ ਪੱਠੇ ਵੱਢਣੇ ਹਨ ਤੇ ਉਹ ਪੱਠੇ ਵੱਢ ਕੇ ਸੁੱਟ ਦਿੰਦਾ ਹੈ, ਮੱਝਾਂ ਇੱਧਰ ਕਰ ਲਈਆਂ, ਉੱਧਰ ਕਰ ਲਈਆਂ, ਬੱਸ ਆਹੀ ਕੁਝ ਚੱਲੀ ਜਾਂਦਾ। ਸੁੱਖੀ ਬਾਠ ਦਾ ਕਹਿਣਾ ਹੈ ਕਿ ਸ਼ਾਮ ਨੂੰ ਬੈਠ ਕੇ ਇਕ ਵਧੀਆ ਪਲੇਟਫਾਰਮ ਪੈਦਾ ਕਰੋ, ਯੋਜਨਾ ਬਣਾਓ, ਉਹ ਕਹਿੰਦਾ ਹੈ ਕਿ ਉਹ ਕੈਨੇਡਾ ਦੇ ਵਿਚ ਵਪਾਰ ਕਰਦੇ ਹਨ ਅਤੇ ਮੋਹਰਲੇ ਦਸ-ਦਸ ਸਾਲਾਂ ਦੀਆਂ ਉਨ੍ਹਾਂ ਨੇ ਯੋਜਨਾਵਾਂ ਹੁਣੇ ਗੰਢ ਕੇ ਰੱਖੀਆਂ ਹੋਈਆਂ ਹਨ ਕਿ ਅੱਜ ਤੋਂ ਦਸ ਸਾਲਾਂ ਨੂੰ ਅਸੀਂ ਕਿੱਥੇ ਹੋਵਾਂਗੇ, ਉਹਦੇ ਲਈ ਅੱਜ ਅਸੀਂ ਕੀ ਕਰੀਏ? ਪੰਜਾਬ ਵਿਚ ਕੀ ਹੁੰਦਾ? ਸਵੇਰ ਨੂੰ ਉੱਠ ਕੇ ਹੀ ਪਤਾ ਲੱਗਦਾ ਕਿ ਅਸੀਂ ਕਰਨਾ ਕੀ ਹੈ, ਕਰਨਾ ਵੀ ਹੈ ਕੁਝ ਕਿ ਨਹੀਂ ਕਰਨਾ, ਗਿਆਨ ਦੀ ਕਮੀ ਹੈ, ਉਹ ਕਹਿੰਦਾ ਹੈ ਕਿ ਐਜੂਕੇਸ਼ਨ ਵਾਲੀ ਗੱਲ ਤੇ ਬਹੁਤੀ ਨਹੀਂ ਰਹਿ ਗਈ ਕਿਉਂਕਿ ਲੋਕ ਬੜੇ ਪੜ੍ਹ-ਲਿਖ ਗਏ ਹਨ, ਪਰ ਉਨ੍ਹਾਂ ਨੂੰ ਇਸ ਮਾਮਲੇ ਵਿਚ ਸੁਧਾਰ ਕਰਨ ਦੀ ਲੋੜ ਹੈ ਕਿ ਉਹ ਆਪਸੀ ਗੱਲਬਾਤ ਯਾਨੀ ਚੰਗੇ ਰਾਬਤੇ ਨੂੰ ਤਵੱਜੋ ਦੇਣ।

ਇਕ ਹੋਰ ਗੱਲ ਜੋ ਉਹ ਪੰਜਾਬ ਅਤੇ ਪੰਜਾਬੀਆਂ ਬਾਰੇ ਕਰਦਾ ਹੈ, ਉਹ ਇਹ ਕਿ ਇੱਥੇ ਦੇ ਮਾਪੇ, ਐਜੂਕੇਸ਼ਨ ਅਦਾਰੇ, ਸਾਰਿਆਂ ਨੂੰ ਸ਼ਾਬਾਸ਼ੀ ਦਿੱਤੀ ਜਾਣੀ ਚਾਹੀਦੀ ਹੈ ਕਿ ਉਹ ਇੰਨੇ ਟੌਪ ਦੇ ਬੱਚੇ ਪੜ੍ਹਾਉਂਦੇ ਹਨ। ਪਰ ਇਕ ਗੱਲ ਗ਼ਲਤ ਕਰ ਜਾਂਦੇ



ਹਨ, ਜੰਮ ਕੇ, ਪਾਲ਼ ਕੇ, ਪੜ੍ਹਾ ਕੇ ਕ੍ਰੀਮ ਯਾਨੀ ਵਧੀਆ-ਵਧੀਆ ਹੁਨਰ ਸਾਰੇ ਬਾਹਰਲੇ ਮੁਲਕਾਂ ਨੂੰ ਦੇ ਦਿੰਦੇ ਹਨ, ਇੱਥੇ ਜੋਗਾ ਕੁਝ ਬਚਦਾ ਨਹੀਂ। ਜਿੰਨੇ ਵੀ ਇਨਵੈਸਟਰ, ਪੈਸੇ ਵਾਲੇ ਬੰਦੇ, ਪੜ੍ਹੇ-ਲਿਖੇ, ਬਾਹਰ ਭੱਜੀ ਜਾਂਦੇ ਹਨ, ਅਤੇ ਬਾਹਰਲੀਆਂ ਲਾਲਚੀ ਸਰਕਾਰਾਂ ਅਤੇ ਲੋਕ ਸੋਹਣੇ-ਸੋਹਣੇ ਮੁੰਡੇ-ਕੁੜੀਆਂ ਨੂੰ ਕੈਨੇਡਾ ਲਈ ਜਾਂਦੇ ਹਨ। ਉਹ ਸਾਨੂੰ ਅੰਦਰੋਂ ਹਲੂਣਦਾ ਹੈ ਕਿ ਅਸੀਂ ਇਸ ਕੀਮਤੀ ਖ਼ਜ਼ਾਨੇ ਨੂੰ ਯਾਨੀ ਆਪਣੇ ਇਨ੍ਹਾਂ ਬੱਚਿਆਂ ਨੂੰ ਇੱਥੇ ਸਾਂਭ ਕੇ ਰੱਖੀਏ, ਉਨ੍ਹਾਂ ਨੂੰ ਇੱਥੇ ਇਸਤੇਮਾਲ ਕਰੀਏ। ਸੁੱਖੀ ਬਾਠ ਅਰਦਾਸ ਕਰਦਾ ਹੈ ਵਾਹਿਗੁਰੂ ਪੰਜਾਬ ਨੂੰ ਉਹ ਸਾਰੀਆਂ ਰਹਿਮਤਾਂ ਬਖ਼ਸ਼ੇ ਜਿਨ੍ਹਾਂ ਦੀ ਇੱਥੇ ਥੁੜ੍ਹ ਹੈ ਤਾਂਕਿ ਜੇ ਲੋਕ ਕੈਨੇਡਾ ਕੰਮ ਕਰਨ ਆਉਣ, ਤਾਂ ਇੱਥੇ ਦੇ ਪੈਸੇ ਨੂੰ ਆਪਣੇ ਪਿੰਡ ਲਿਜਾ ਕੇ ਆਪਣੇ ਨਿਆਣਿਆਂ ਨੂੰ ਪਾਲਣ।

ਪੰਜਾਬ ਦੇ ਲੋਕਾਂ ਦੀ ਇਕ ਹੋਰ ਵੱਡੀ ਕਮੀ ਦਾ ਜ਼ਿਕਰ ਕਰਦਾ ਹੋਇਆ ਸੁੱਖੀ ਬਾਠ ਕਹਿੰਦਾ ਹੈ ਕਿ ਲੋਕਾਂ ਵਿਚ ਕਾਨਫੀਡੈਂਸ ਜਾਂ ਆਤਮ-ਵਿਸ਼ਵਾਸ ਨਹੀਂ ਹੈ, ਕਾਨਫੀਡੈਂਸ ਪੈਦਾ ਕਰਨ ਲਈ ਸਾਨੂੰ ਇਕ-ਦੂਜੇ ਨੂੰ ਸ਼ਾਬਾਸ਼ੀ ਦੇਣੀ ਚਾਹੀਦੀ ਹੈ, ਬੱਚਾ ਮਾੜਾ ਜਿਹਾ ਕੁਝ ਗ਼ਲਤ ਕਰਦਾ, ਤਾਂ ਅਸੀਂ ਥੱਪੜ ਮਾਰਦੇ ਹਾਂ, ਜੇ ਉਸ ਦੇ 90 ਪ੍ਰਤਿਸ਼ਤ ਨੰਬਰ ਆਏ, ਤਾਂ ਅਸੀਂ ਉਸ ਨੂੰ ਪੁੱਛਣ ਲੱਗਦੇ ਹਾਂ ਕਿ ਤੇਰੇ 91 ਪ੍ਰਤਿਸ਼ਤ ਕਿਉਂ ਨਹੀਂ ਆਏ? ਇਸ ਨਾਲ ਬੱਚਿਆਂ 'ਤੇ ਦਿਮਾਗ਼ੀ ਅਸਰ ਪੈਂਦਾ ਹੈ, ਅੱਜ ਐਜੂਕੇਸ਼ਨ ਦਾ ਪ੍ਰੈਸ਼ਰ ਇੰਨਾ ਹੈ ਬੱਚੇ 'ਤੇ ਕਿ ਉਹ ਬੱਚਾ ਸਿਰਫ਼ ਪੀ. ਐੱਚ.



ਡੀ. ਕਰ ਕੇ ਕਾਮਯਾਬ ਨਹੀਂ ਹੋ ਸਕਦਾ, ਪ੍ਰੈਕਟੀਕਲ ਵੀ ਕਰਨਾ ਜ਼ਰੂਰੀ ਹੈ, ਸੁੱਖੀ ਬਾਠ ਖ਼ੁਦ ਵੀ ਨਿਆਣਿਆਂ ਵਿਚ ਵਿਚਰਦਾ ਹੈ, ਜੇ ਕੋਈ ਨੌਜਵਾਨ ਉਸ ਨੂੰ ਕਹਿੰਦਾ ਕਿ ਉਹ ਬੀ.ਏ. ਸੈਕੰਡ ਈਅਰ ਕਰਦਾ ਹੈ, ਤਾਂ ਸੁੱਖੀ ਬਾਠ ਕਹਿੰਦਾ ਹੈ ਕਿ ਬੜੀ ਚੰਗੀ ਗੱਲ ਹੈ, ਜਦੋਂ ਉਸ ਨੂੰ ਕੰਪਿਊਟਰ ਦੀ ਜਾਂ ਕੋਈ ਹੋਰ ਗੱਲ ਪੁੱਛੀਦੀ ਹੈ, ਤਾਂ ਉਹ ਏ ਵਨ ਜਵਾਬ ਦਿੰਦਾ ਹੈ, ਪਰ ਜਦੋਂ ਉਸ ਵਿਚਲੇ ਕਾਨਫੀਡੈਂਸ ਜਾਂ ਆਤਮ ਵਿਸ਼ਵਾਸ ਦੀ ਗੱਲ ਕਰਦੇ ਹਾਂ, ਤਾਂ ਉਹ ਕਹਿੰਦਾ ਕਿ ਪਾਪਾ ਨੂੰ ਪਤਾ ਹੋਵੇਗਾ। ਸੁੱਖੀ ਬਾਠ ਦਾ ਮੰਨਣਾ ਹੈ ਕਿ ਕੰਮਿਊਨੀਕੇਸ਼ਨ ਅਤੇ ਅਵੇਰਨੈੱਸ ਜਦੋਂ ਰਲ਼ ਕੇ ਚੱਲਦੇ ਹਨ, ਤਾਂ ਬਾਕੀ ਚੀਜ਼ਾਂ ਆਪਣੇ ਆਪ ਸਹੀ ਹੁੰਦੀਆਂ ਜਾਂਦੀਆਂ ਹਨ ਅਤੇ ਬਾਕੀ ਚੀਜ਼ਾਂ ਅਸੀਂ ਨਾਲ-ਨਾਲ ਆਪਣੇ ਆਪ ਹੀ ਖਿੱਚੀ ਜਾ ਰਹੇ ਹੁੰਦੇ ਹਾਂ ਤੇ ਪੰਜਾਬ ਦੇ ਵਿਚ ਇਨ੍ਹਾਂ ਦੋਵਾਂ ਚੀਜ਼ਾਂ ਦੀ ਬਹੁਤ ਵੱਡੀ ਕਮੀ ਹੈ। ਸੁੱਖੀ ਬਾਠ ਸਵੀਕਾਰ ਕਰਦਾ ਹੈ ਕਿ ਇਕ-ਦੋ ਕੰਮ ਇੱਦਾਂ ਦੇ ਹਨ ਜਿਨ੍ਹਾਂ ਕਰਕੇ ਕੈਨੇਡਾ ਦੇ ਵਿਚ ਪੰਜਾਬੀਆਂ ਨੂੰ ਅੱਖ ਨੀਵੀਂ ਕਰ ਕੇ ਤੁਰਨਾ ਪੈਂਦਾ ਹੈ ਜਿਹਦੇ ਵਿਚ ਗੈਂਗਵਾਰ ਜਾਂ ਡ੍ਰੱਗਸ ਦਾ ਨਸ਼ਾ ਸ਼ਾਮਲ ਹੈ। ਇਨ੍ਹਾਂ ਨਸ਼ਿਆਂ ਦੀ ਵਿਕਰੀ ਹੋ ਰਹੀ ਹੈ, ਉਹਦੇ ਕਰਕੇ ਸਾਨੂੰ ਵੀ ਅੱਖਾਂ ਨੀਵੀਆਂ ਕਰ ਕੇ ਤੁਰਨਾ ਪੈਂਦਾ ਹੈ। ਬਹੁਤ ਹੀ ਸ਼ਰਮਨਾਕ ਜਿਹੀ ਗੱਲ ਹੈ ਅਤੇ ਸਾਨੂੰ ਇਸ ਗੱਲ ਨੂੰ ਮੰਨ ਲੈਣਾ ਚਾਹੀਦਾ ਹੈ। ਬੱਚਿਆਂ ਦੇ ਜਿਹੜੇ ਰਾਤੋ-ਰਾਤ ਵੱਡੇ ਬਣਨ ਦੇ ਸੁਪਨੇ ਹਨ ਜਿਵੇਂ ਫਰਾਰੀ ਕਾਰਾਂ, ਵੱਡੇ-ਵੱਡੇ ਡ੍ਰੀਮਜ਼। ਸੁੱਖੀ ਬਾਠ ਨੇ ਆਪਣੀ ਅੱਖੀਂ ਅਠਾਰਾਂ-



ਉੱਨੀ ਸਾਲਾਂ ਦੇ ਬੱਚਿਆਂ ਨੂੰ ਮਰਦੇ ਦੇਖਿਆ ਹੈ। ਸੁੱਖੀ ਬਾਠ ਕਹਿੰਦਾ ਹੈ ਉਹ ਉਨ੍ਹਾਂ ਦੇ ਮਾਂ-ਬਾਪ ਨੂੰ ਬਹੁਤਾ ਇਲਜ਼ਾਮ ਨਹੀਂ ਦਿੰਦਾ, ਪਰ ਕਿਤੇ-ਕਿਤੇ ਉਸ ਨੂੰ ਲੱਗਦਾ ਹੁੰਦਾ ਕਿ ਸਾਡੇ ਮਾਂ-ਬਾਪ ਵੀ ਬੱਚਿਆਂ ਦੇ ਪਾਲਣ-ਪੋਸ਼ਣ ਵਿੱਚ ਫੇਲ੍ਹ ਹੋ ਰਹੇ ਹੁੰਦੇ ਹਨ ਜਾਂ ਉਨ੍ਹਾਂ ਦੀਆਂ ਮਜਬੂਰੀਆਂ ਵੀ ਹੁੰਦੀਆਂ ਹਨ ਜਿਵੇਂ ਕਿ ਮੌਰਗੇਜ (MORTGAGE), ਜਿਸ ਕਰਕੇ ਦੋਨੋਂ ਮੀਆਂ-ਬੀਵੀ ਕੰਮ ਕਰਦੇ ਹਨ ਤੇ ਕਈ ਇੱਦਾਂ ਦੇ ਵੀ ਹਨ ਜਿਨ੍ਹਾਂ ਨੂੰ ਉਹ ਜਾਣਦਾ ਹੈ ਜਿਨ੍ਹਾਂ ਦੇ ਕੋਲ ਗੁੰਜਾਇਸ਼ ਬੜੀ ਹੈ। ਉਹ ਫਿਰ ਵੀ ਧਿਆਨ ਨਹੀਂ ਦੇ ਰਹੇ ਅਤੇ ਕਈ ਇੱਦਾਂ ਦੇ ਵੀ ਹਨ ਜਿਨ੍ਹਾਂ ਨੂੰ ਪਤਾ ਵੀ ਹੈ, ਫੇਰ ਵੀ ਧਿਆਨ ਨਹੀਂ ਦੇ ਰਹੇ।

ਸੁੱਖੀ ਬਾਠ ਦਾ ਕਹਿਣਾ ਹੈ ਕਿ ਜਦੋਂ ਕਿਸੇ ਦਾ ਬੱਚਾ ਨਸ਼ਿਆਂ ਵਿਚ ਪੈ ਜਾਂਦਾ ਹੈ, ਤਾਂ ਮਾਪੇ ਅਕਸਰ ਨਾਂਹ ਪੱਖੀ ਸੋਚ ਰੱਖਣ ਲੱਗਦੇ ਹਨ ਤੇ ਉਹ ਆਪਣੇ ਕਿਸੇ ਰਿਸ਼ਤੇਦਾਰ ਨੂੰ ਵੀ ਇਹਦੇ ਬਾਰੇ ਨਹੀਂ ਦੱਸਦੇ। ਸੁੱਖੀ ਬਾਠ ਦਾ ਕਹਿਣਾ ਹੈ ਕਿ ਕਿਸੇ ਦੀ ਜ਼ਾਤੀ ਤੌਰ 'ਤੇ ਆਪਣੇ ਭੈਣਾਂ ਭਰਾਵਾਂ ਨਾਲ, ਤਾਇਆਂ-ਚਾਚਿਆਂ ਨਾਲ, ਫੁੱਫੜ ਨਾਲ, ਮਾਮੇ ਨਾਲ, ਦੋਹਤੇ-ਦੋਹਤੀਆਂ ਨਾਲ ਕੋਈ ਸ਼ਾਇਦ ਛੋਟੀ-ਮੋਟੀ ਗੱਲ ਤੇ ਰੰਜਸ਼ ਹੋ ਸਕਦੀ ਹੈ, ਪਰ ਅਖ਼ੀਰ ਕਿਉਂਕਿ ਇਹ ਸਾਡੇ ਬੱਚਿਆਂ ਦੀਆਂ ਜ਼ਿੰਦਗੀਆਂ ਦਾ ਸਵਾਲ ਹੈ, ਤਾਂ ਉਦੋਂ ਸਾਨੂੰ ਆਪਣੇ ਭੈਣਾਂ-ਭਰਾਵਾਂ ਨਾਲ, ਆਪਣੇ ਰਿਸ਼ਤੇਦਾਰਾਂ ਨਾਲ ਬਰਾਬਰ ਖੜ੍ਹਨਾ ਚਾਹੀਦਾ ਹੈ ਅਤੇ ਖ਼ਾਸ ਕਰਕੇ ਇਨ੍ਹਾਂ ਨਸ਼ਿਆਂ ਨੂੰ ਲੈ ਕੇ। ਜੇ ਸਾਡੇ ਕਿਸੇ ਭਤੀਜੇ ਨੂੰ, ਭਾਣਜੇ ਨੂੰ, ਦੋਹਤੇ ਨੂੰ ਇੱਦਾਂ ਦੀ



ਨਸ਼ਿਆਂ ਦੀ ਆਦਤ ਹੈ, ਤਾਂ ਸੁੱਖੀ ਬਾਠ ਸਾਰਿਆਂ ਅੱਗੇ ਹੱਥ ਬੰਨ੍ਹ ਕੇ ਅਰਜ਼ੋਈ ਕਰਦਾ ਹੈ ਕਿ ਸਾਨੂੰ ਆਪਣੀਆਂ ਭੈਣਾਂ ਨੂੰ, ਆਪਣੇ ਰਿਸ਼ਤੇਦਾਰਾਂ ਨੂੰ ਖੁੱਲ੍ਹ ਕੇ ਦੱਸ ਦੇਣਾ ਚਾਹੀਦਾ ਕਿ ਮੇਰੇ ਘਰ ਦੇ ਵਿਚ ਇਹ ਸਮੱਸਿਆ ਹੈ, ਮੈਨੂੰ ਮਦਦ ਦੀ ਜ਼ਰੂਰਤ ਹੈ, ਮੇਰੀ ਜ਼ਰੂਰ ਮਦਦ ਕਰੋ, ਪਰ ਦੁੱਖ ਦੀ ਗੱਲ ਹੈ ਕਿ ਮਾਪੇ ਇਹ ਗੱਲਾਂ ਲੁਕਾ ਕੇ ਰੱਖਦੇ ਹਨ ਅਤੇ ਅਖ਼ੀਰ ਬੱਚੇ ਨਸ਼ਿਆਂ ਦੀ ਭੇਟ ਚੜ੍ਹ ਜਾਂਦੇ ਹਨ। ਸੁੱਖੀ ਬਾਠ ਐੱਨ. ਆਰ. ਆਈ. ਭਾਈਚਾਰੇ ਬਾਰੇ ਬਹੁਤ ਡੂੰਘੀਆਂ ਗੱਲਾਂ ਕਹਿੰਦਾ ਹੈ, ਉਹ ਇਹ ਮੰਨਦਾ ਹੈ ਕਿ ਐੱਨ. ਆਰ. ਆਈ ਬਹੁਤ ਸਾਰੀਆਂ ਪਾਜ਼ੀਟਿਵ ਗੱਲਾਂ ਵਿਚ ਯੋਗਦਾਨ ਪਾਉਂਦੇ ਹਨ ਜਿਵੇਂ ਕਿ ਉਹ ਚੈਰਿਟੀ ਬਹੁਤ ਕਰਦੇ ਹਨ, ਪੈਸੇ ਲਾਉਂਦੇ ਹਨ, ਲੱਖਾਂ-ਕਰੋੜਾਂ ਲਾਉਂਦੇ ਹਾਂ, ਜਦੋਂ ਕਿਸੇ ਦੇ ਪਿੰਡੋਂ ਫ਼ੋਨ ਚਲਾ ਜਾਂਦਾ ਹੈ ਕਿ ਫਲਾਨੇ ਨੂੰ ਹਾਰਟ ਅਟੈਕ ਹੋ ਗਿਆ, ਪੈਸੇ ਘੱਲ ਦਿਓ, ਤਾਂ ਉਹ ਘੱਲ ਦਿੰਦੇ ਹਨ। ਅਕਸਰ ਕੀ ਹੁੰਦਾ ਹੈ ਕਿ ਜਿਹੜੇ ਪਿੰਡੋਂ ਐੱਨ. ਆਰ. ਆਈ. ਬਾਹਰ ਜਾਂਦੇ ਹਨ, ਉਹ ਪਿੰਡ ਦੇ ਬੱਚਿਆਂ ਦੀ ਹੈਲਪ ਕਰਦੇ ਹਨ ਕਿ ਉਹ ਕਿਸੇ ਤਰ੍ਹਾਂ ਪੜ੍ਹ ਜਾਣ।

ਇਸ ਤੋਂ ਇਲਾਵਾ, ਉਨ੍ਹਾਂ ਨੇ ਪੰਜਾਬੀ ਮਿਊਜ਼ਿਕ ਦੇ ਕੈਨੇਡਾ ਵਿਚ ਬਹੁਤ ਸਾਰੇ ਵਧੀਆ-ਵਧੀਆ ਸਿੰਗਰ ਪੈਦਾ ਕੀਤੇ ਹਨ। ਉਹ ਬੜੇ ਹੀ ਨਾਮਵਰ ਸਿੰਗਰ ਹਨ ਜਿਹੜੇ ਇਸ ਵੇਲੇ ਇੰਡਸਟਰੀ ਦੇ ਵਿਚ ਹਨ। ਉਹ ਵੈਨਕੂਵਰ ਦੀ ਪ੍ਰੋਡਕਸ਼ਨ ਹਨ। ਜੇ ਫ਼ਿਲਮਾਂ ਦੀ ਗੱਲ ਕਰੀਏ, ਤਾਂ ਪੰਜਾਬ ਨਾਲੋਂ, ਚੰਡੀਗੜ੍ਹ



ਨਾਲੋਂ ਜ਼ਿਆਦਾ ਵੈਨਕੂਵਰ ਦੇ ਵਿਚ ਪੰਜਾਬੀ ਫ਼ਿਲਮਾਂ ਬਣਦੀਆਂ ਹਨ। ਸਪੋਰਟਸ ਦੇ ਖੇਤਰ ਵਿਚ ਐੱਨ. ਆਰ. ਆਈ ਬਹੁਤ ਮਦਦ ਕਰਦੇ ਹਨ, ਟੂਰਨਾਮੈਂਟ ਕਰਵਾਉਂਦੇ ਹਨ ਅਤੇ ਉਹ ਸਪੋਰਟਸ ਦੇ ਵਿਚ ਵੀ ਆਪਣਾ ਯੋਗਦਾਨ ਪਾਉਂਦੇ ਹਨ।

ਪਰ ਦੂਜੇ ਪਾਸੇ ਉਹ ਐੱਨ. ਆਰ. ਆਈ. ਪੰਜਾਬੀਆਂ ਬਾਰੇ ਗੱਲ ਕਰਦੇ ਹੋਏ ਕਹਿੰਦਾ ਹੈ ਕਿ ਉਹ ਤੁਹਾਨੂੰ ਕਾਸੇ ਜੋਗਾ ਵੀ ਨਹੀਂ ਛੱਡਦੇ। ਪਹਿਲੀ ਗੱਲ, ਕਿਸੇ ਦੀ ਜੇਬ ਵਿਚ ਪੈਸੇ ਪਾ ਦੇਣੇ ਕਿ ਤੂੰ ਕੈਨੇਡਾ ਆ ਜਾ, ਉਹ ਅਲੱਗ ਗੱਲ ਹੈ। ਪਰ ਉਸ ਨੂੰ ਪੈਸੇ ਕਮਾਉਣ ਲਗਾ ਦੇਣਾ, ਇਹ ਇਕ ਅਲੱਗ ਗੱਲ ਹੈ। ਸੁੱਖੀ ਬਾਠ ਐੱਨ. ਆਰ. ਆਈ. ਭਰਾਵਾਂ ਨੂੰ ਕਈ ਵਾਰ ਕਹਿੰਦਾ ਹੈ ਕਿ ਉਹ ਪੰਜਾਬ ਜਾਂਦੇ ਹਨ, ਪੈਸਾ ਲਾ ਕੇ ਆਉਂਦੇ ਹਨ, ਪਰ ਉਨ੍ਹਾਂ ਦਾ ਪੈਸਾ ਲਾਉਣ ਦਾ ਤਰੀਕਾ ਗ਼ਲਤ ਹੈ। ਸ਼ਾਇਦ ਕੋਈ ਆਪਣੇ ਭਾਣਜੇ ਨੂੰ ਕਹਿੰਦਾ ਹੈ ਕਿ ਉਹ ਉਹਦੇ ਲਈ ਪੰਜਾਹ ਲੱਖ ਰੁਪਏ ਲਗਾ ਦਿੰਦਾ ਹੈ, ਪਰ ਉਸ ਨੇ ਆਪਣੇ ਭਾਣਜੇ ਨਾਲ ਟਾਈਮ ਕਿੰਨਾ ਕੁ ਬਿਤਾਇਆ? ਸ਼ਾਇਦ ਦਸ ਮਿੰਟ, ਪੰਦਰਾਂ ਮਿੰਟ? ਭਾਣਜਾ ਤਾਂ ਬਾਪੂ ਕੋਲ ਬੈਠਾ ਰਿਹਾ, ਹਾਂ ਬਾਪੂ ਕੋਲ ਹੀ ਬੈਠਾ ਰਿਹਾ, ਬਸ ਉਹ ਐੱਨ. ਆਰ. ਆਈ. ਥੋੜ੍ਹੇ ਪੈਸੇ ਲਾ ਕੇ ਸੋਚਦਾ ਕਿ ਉਸ ਨੇ ਆਪਣੇ ਭਾਣਜੇ ਦਾ ਜੀਵਨ ਬਣਾ ਦਿੱਤਾ। ਅਸਲ ਵਿਚ ਉਹ ਪੈਸੇ ਲਾ ਕੇ ਉਸ ਦਾ ਜੀਵਨ ਵਿਗਾੜ ਰਿਹਾ ਹੈ। ਸੁੱਖੀ ਬਾਠ ਕਹਿੰਦਾ ਹੈ ਕਿ ਜੇ ਤੁਸੀਂ ਆਪਣੇ ਗਵਾਂਢੀ ਨੂੰ ਜਾਂ ਕਿਸੇ ਦੇ ਬੱਚੇ ਨੂੰ ਜੇ ਵਿਗਾੜਨਾ ਹੈ, ਤਾਂ ਉਹਨੂੰ



ਪੈਸੇ ਦੇ ਦਿਓ, ਉਹ ਵਿਗੜ ਹੀ ਜਾਵੇਗਾ ਕਿਉਂਕਿ ਉਹਦੇ ਵਿਚ ਸੈਂਲਫ ਕਾਨਫੀਡੈਂਸ ਨਹੀਂ ਹੋਵੇਗਾ। ਉਹਦੇ ਕੋਲ ਅਬਿਲਿਟੀ ਨਹੀਂ ਹੋਵੇਗੀ। ਉਹਦੇ ਕੋਲ ਨੌਲੇਜ ਨਹੀਂ ਹੋਵੇਗੀ। ਉਹ ਫੇਲ੍ਹ ਹੀ ਫੇਲ੍ਹ ਹੈ। ਇਕ ਹੋਰ ਤਰੀਕਾ ਜਿਹਦੇ ਵਿਚ ਐੱਨ. ਆਰ. ਆਈ. ਪੰਜਾਬ ਵਿਚ ਰਹਿੰਦੇ ਪੰਜਾਬੀਆਂ ਨੂੰ ਖ਼ਰਾਬ ਕਰਦੇ ਹਾਂ, ਉਹ ਹਨ ਕਿ ਅੰਮ੍ਰਿਤਸਰ ਤੋਂ ਲੈ ਕੇ ਦੂਜੀ ਸਰਹੱਦ ਤਕ ਦੂਜੇ ਪਾਸੇ ਤਕ ਜਿੰਨੇ ਸੋਹਣੇ ਮੁੰਡੇ-ਕੁੜੀਆਂ ਹਨ ਉਨ੍ਹਾਂ ਨੂੰ ਵਿਆਹ ਕੇ ਕੌਣ ਲੈ ਜਾਂਦਾ ਹੈ? ਐੱਨ. ਆਰ. ਆਈ. ਲੈ ਜਾਂਦੇ ਹਨ। ਸੁੱਖੀ ਬਾਠ ਨੂੰ ਲੱਗਦਾ ਹੈ ਕਿ ਇਸ ਤਰ੍ਹਾਂ ਕਰ ਕੇ ਉਹ ਇਨ੍ਹਾਂ ਲੋਕਾਂ ਦਾ ਸ਼ੋਸ਼ਣ ਕਰ ਰਹੇ ਹਨ, ਇਨ੍ਹਾਂ ਨੂੰ ਯੂਜ਼ ਕਰ ਰਹੇ ਹਨ। ਪੰਤਾਲੀ ਸਾਲਾਂ ਦਾ ਬੰਦਾ ਤਿੰਨ ਵਾਰੀ ਵਿਆਹ ਕਰਾ ਕੇ ਛੱਡ ਗਿਆ। ਇੱਦਾਂ ਦੀਆਂ ਗੱਲਾਂ ਬਹੁਤ ਹੀ ਆਮ ਸੁਣਨ ਵਿਚ ਆਉਂਦੀਆਂ ਹਨ।

ਸੁੱਖੀ ਬਾਠ ਐੱਨ. ਆਰ. ਆਈ. ਪੰਜਾਬੀਆਂ ਦੀ ਇਕ ਹੋਰ ਖੋਟ ਦਾ ਪਰਦਾਫ਼ਾਸ਼ ਕਰਦਾ ਹੋਇਆ ਕਹਿੰਦਾ ਹੈ ਕਿ ਉਨ੍ਹਾਂ ਨੂੰ ਸ਼ੋਅ ਆਫ ਯਾਨੀ ਦਿਖਾਵਾ ਕਰਨਾ ਜਿਵੇਂ, ਪੰਜ ਤੋਲੇ ਦੀ ਚੇਨੀ, ਕਮੀਜ਼ ਦੇ ਮੂਹਰਲੇ ਬਟਨ ਖੁੱਲ੍ਹੇ ਰੱਖਣੇ, ਛਾਤੀ ਨੰਗੀ ਰੱਖਣੀ, ਸਫ਼ਾਰੀ ਗੱਡੀ ਰੱਖਣੀ, ਗੱਡੀ ਵਿਚ ਇਕ ਪੇਟੀ ਦਾਰੂ ਦੀ ਪਈ ਹੈ, ਚਾਰ-ਪੰਜ ਬਦਮਾਸ਼ ਨਾਲ ਬਿਠਾ ਕੇ ਗੇੜੀਆਂ ਮਾਰਨੀਆਂ। ਇਹ ਸਭ ਦੇਖ ਕੇ ਪੰਜਾਬੀ ਮੁੰਡੇ-ਕੁੜੀਆਂ ਪੱਟੇ ਜਾਂਦੇ ਹਨ ਕਿ ਅਸੀਂ ਵੀ ਬਾਹਰ ਜਾਣਾ। ਸੁੱਖੀ ਬਾਠ ਮੁਤਾਬਕ ਇਕ ਹੋਰ ਤਰੀਕਾ ਜਿਸ ਵਿਚ ਐੱਨ. ਆਰ. ਆਈ. ਪੰਜਾਬੀਆਂ ਨੂੰ



ਖ਼ਰਾਬ ਕਰਦੇ ਹਨ ਉਹ ਹੈ ਪ੍ਰਾਪਰਟੀਜ਼ ਦੇ ਮਸਲੇ। ਜਦੋਂ ਕੋਈ ਐੱਨ. ਆਰ. ਆਈ. ਪੰਜਾਬੀ ਬੰਦਾ ਬਾਹਰ ਨਹੀਂ ਗਿਆ ਸੀ ਅਤੇ ਉਸ ਦੇ ਕੋਲ ਜੋ ਜ਼ਮੀਨ ਸੀ, ਉਹ ਸਸਤੀ ਸੀ, ਪੈਂਤੀ ਸੌ ਨੂੰ ਖੇਤ ਵਿਕਦਾ ਸੀ, ਕੋਈ ਇਨਕਮ ਨਹੀਂ ਸੀ, ਸੋਰਸਿਸ ਨਹੀਂ ਸਨ, ਇਕਵਿਪਮੈਂਟ ਨਹੀਂ ਸੀ, ਇਸ ਲਈ ਉਸ ਨੇ ਆਪਣੇ ਭਰਾ ਨੂੰ ਦੇ ਦਿੱਤੀ, ਬਈ ਤੂੰ ਆਪੇ ਵਾਹੀ ਚੱਲ। ਉਹ ਉਸ ਨੂੰ ਕਹਿੰਦਾ ਕਿ ਕਿਹੜੀ ਗੱਲ ਹੈ "ਤੂੰ ਮੇਰਾ ਭਰਾ ਹੈਂ।" ਅੱਗੇ ਚੱਲ ਕੇ ਉਹੀ ਇਕ ਕਿੱਲਾ ਹੋ ਗਿਆ ਪੈਂਤੀ ਲੱਖ ਦਾ, ਚਾਲੀ ਸਾਲ ਬਾਅਦ ਉਸ ਪੰਜਾਬੀ ਭਰਾ ਨੂੰ ਯਾਦ ਹੈ ਕਿ ਉੱਥੇ ਉਸ ਦਾ ਖੇਤ ਹੈ ਤੇ ਉਹ ਉਸ ਨੂੰ ਆਪਣੇ ਉਸ ਭਰਾ ਕੋਲੋਂ ਛੁਡਾਉਣ ਆਉਂਦਾ ਹੈ ਜਿਸ ਨੂੰ ਉਸ ਨੇ ਉਹ ਖੇਤ 40 ਸਾਲ ਪਹਿਲਾਂ ਦੇ ਦਿੱਤਾ ਸੀ ਬਈ ਤੂੰ ਵਾਹੀ ਜਾ। ਨਤੀਜੇ ਵਜੋਂ ਡਾਂਗ ਖੜਕਦੀ ਹੈ, ਕੋਟ-ਕਚਹਿਰੀਆਂ ਦੇ ਚੱਕਰ ਲੱਗਣ ਲੱਗਦੇ ਹਨ, ਪੁਲਿਸ ਆਉਂਦੀ ਹੈ। ਗੋਲੀਆਂ ਤਕ ਚੱਲਣ ਲੱਗਦੀਆਂ ਹਨ। ਇਹ ਸਾਰਾ ਕੁਝ ਮਾਨਸਿਕ ਤਣਾਅ ਪੈਦਾ ਕਰਦਾ ਹੈ। ਜਦੋਂ ਉਸ ਦੀ ਕੀਮਤ ਪੈਂਤੀ ਸੌ ਸੀ, ਤਾਂ ਉਹ ਐੱਨ. ਆਰ. ਆਈ. ਭਰਾ ਉਸ ਦਾ ਮਾਲਕ ਨਹੀਂ ਬਣਨਾ ਚਾਹੁੰਦਾ ਸੀ ਤੇ ਅੱਜ ਉਸ ਦਾ ਕੋਈ ਹੱਕ ਨਹੀਂ ਹੈਗਾ ਕਿ ਉਹ ਉਸ ਜ਼ਮੀਨ ਦਾ ਮਾਲਕ ਬਣ ਬੈਠੇ। ਹੁਣ ਉਹ ਆ ਕੇ ਜ਼ਮੀਨ ਦੀ ਸਾਰ ਲੈ ਰਿਹਾ ਕਿਉਂਕਿ ਹੁਣ ਮਹਿੰਗੀ ਹੋ ਗਈ ਹੈ? ਹੁਣ ਤਕ ਤਾਂ ਉਸ ਨੇ ਆਪਣੇ ਭਰਾ ਨੂੰ ਇਕ ਨੌਕਰ ਵਾਂਗੂੰ ਸਮਝ ਕੇ ਅੱਗਿਓਂ ਰੱਖ ਲਿਆ ਕਿ ਉਹ ਉਸਦੀ ਜ਼ਮੀਨ ਸਾਂਭੇ ਅਤੇ ਜਦੋਂ ਮਹਿੰਗੀ ਹੋ ਗਈ ਤਾਂ ਆ



ਗਿਆ ਲੈਣ ਲਈ। ਇਹ ਬਹੁਤ ਵੱਡਾ ਸ਼ੋਸ਼ਣ ਹੈ। ਸੁੱਖੀ ਬਾਠ ਦਾਅਵੇ ਨਾਲ ਕਹਿ ਸਕਦਾ ਹੈ ਕਿ ਬੱਚੇ ਆਪਣੇ ਪੈਰਾਂ ਤੇ ਖੜ੍ਹ ਸਕਦੇ ਹਨ, ਪਰ ਪ੍ਰੋਬਲਮ ਕੀ ਆ ਰਹੀ ਹੈ? ਸੁੱਖੀ ਬਾਠ ਪੰਜਾਬ ਦੇ ਨੌਜਵਾਨਾਂ ਨੂੰ ਬੇਨਤੀ ਕਰਦਾ ਹੈ ਕਿ ਉਹ ਭੇਡ ਚਾਲ ਨਾ ਚੱਲਣ। ਐਵੇਂ ਦੇ ਸੁਪਨੇ ਲੈਣੇ ਬੰਦ ਕਰ ਦੇਣ। ਇੱਥੇ ਉਹ ਬਾਹਰਲੇ ਮੁਲਕਾਂ ਨਾਲੋਂ ਜ਼ਿਆਦਾ ਸੁਖੀ ਹਨ। ਉਹ ਦੱਸਦਾ ਹੈ ਕਿ ਉਸ ਨੇ ਵੈਨਕੂਵਰ ਦੇ ਵਿਚ ਬਹੁਤ ਸਾਰੇ ਨੌਜਵਾਨਾਂ ਨੂੰ ਗੋਲੀਆਂ ਨਾਲ ਮਰਦੇ ਦੇਖਿਆ ਹੈ। ਉਹ ਕਹਿੰਦਾ ਹੈ ਕਿ ਉੱਥੇ ਰਿਸ਼ਤਿਆਂ ਵਿਚ ਮਿਠਾਸ ਨਹੀਂ ਹੈਗੀ। ਪਿਆਰ ਨਹੀਂ ਹੈ ਉੱਥੇ। ਉੱਥੇ ਦੇ ਪੰਜਾਬੀ ਤਾਂ ਉਜੜੇ ਬੈਠੇ ਹਨ। ਉਨ੍ਹਾਂ ਦਾ ਕੋਈ ਨਹੀਂ ਹੈ। ਜੇ ਉੱਥੇ ਸੌ ਭਰਾਵਾਂ ਦਾ ਟੱਬਰ ਹੈ, ਤਾਂ ਉਨ੍ਹਾਂ ਵਿੱਚੋਂ ਸਿਰਫ਼ ਦੋ ਭਰਾ ਇੱਦਾਂ ਦੇ ਹੋਣਗੇ ਜਿਹੜੇ ਇਕ-ਦੂਜੇ ਨਾਲ ਬੋਲਦੇ ਹਨ। ਉਹ ਸਿਰਫ਼ ਤੇ ਸਿਰਫ਼ ਪੈਸੇ ਦੇ ਯਾਰ ਹੋ ਗਏ ਹਨ। ਉਨ੍ਹਾਂ ਨੂੰ ਹੋਰ ਕੁਝ ਸੁੱਝਦਾ ਹੀ ਨਹੀਂ ਹੈਗਾ। ਭਰਾ ਦਾ ਖਾ ਲਵਾਂ, ਭੈਣ ਦਾ ਖਾ ਲਵਾਂ, ਬਾਪੂ ਕਹਿੰਦਾ ਹੁੰਦਾ ਸੀ ਕਿ ਪੁੱਤ ਧੀ ਦੇ ਘਰੇ ਜਾ ਕੇ ਪਾਣੀ ਨਹੀਂ ਪੀਣਾ ਤੇ ਹੁਣ ਕੈਨੇਡਾ ਦੇ ਵਿਚ ਭੈਣਾਂ ਦੀਆਂ ਜਾਇਦਾਦਾਂ ਹੜੱਪ ਗਏ। ਸੁੱਖੀ ਰੋਣ ਹੱਕਾ ਹੋ ਕੇ ਦੱਸਦਾ ਹੈ ਕਿ ਵੈਨਕੂਵਰ ਦੇ ਵਿਚ ਇਕੱਤੀ ਸੋ ਅੰਕੜੇ ਹਨ ਜਿਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਉੱਥੇ ਕਿੰਨੇ ਸਾਰੇ ਲੋਕ ਬੇਘਰ ਹਨ। ਉਨ੍ਹਾਂ ਕੋਲ ਘਰ ਨਹੀਂ ਹਨ। ਜੌਬ ਨਹੀਂ ਹੈ, ਕੁਝ ਨਹੀਂ ਹੈ। ਵੈਨਕੂਵਰ ਦੇ ਵਿਚ ਮਹਿੰਗਾਈ ਇੰਨੀ ਹੈ ਕਿ ਕੋਈ ਅੱਜ ਵੈਨਕੂਵਰ ਦੇ ਵਿਚ ਜਾ ਕੇ ਘਰ ਲੈ ਹੀ ਨਹੀਂ ਸਕਦਾ।



ਉਹ ਇਹ ਗੱਲ ਦਾਅਵੇ ਨਾਲ ਕਹਿ ਸਕਦਾ ਹੈ ਕਿ ਉੱਥੇ ਲੋਕ ਕਿਰਾਏ ਦਿੰਦੇ ਮਰ ਜਾਣਗੇ। ਇੱਥੇ ਤੁਹਾਡਾ, ਭਾਵੇਂ ਛੋਟਾ ਹੈ, ਆਪਣਾ ਘਰ ਹੈ। ਹੋਰ ਵੀ ਬਹੁਤ ਸਾਰੀਆਂ ਊਣਤਾਈਆਂ ਨੇ ਬਾਹਰਲੇ ਦੇਸ਼ਾਂ ਵਿਚ। ਸੁੱਖੀ ਬਾਠ ਦਾ ਕਹਿਣਾ ਹੈ ਕਿ ਖ਼ਾਬ ਉੱਨੇ ਲਓ, ਜਿੰਨੇ ਤੁਸੀਂ ਅਚੀਵ ਕਰ ਪਾਓ। ਸਾਡੇ ਵਿਚ ਪ੍ਰੌਬਲਮ ਇਹ ਹੈ ਕਿ ਅਸੀਂ ਆਪਣੀ ਅਬਿਲਿਟੀ ਤੋਂ ਵੱਡਾ ਖ਼ਾਬ ਲੈ ਲੈਂਦੇ ਹਾਂ। ਸੁੱਖੀ ਬਾਠ ਚੇਤਾਵਨੀ ਦਿੰਦੇ ਹੋਏ ਕਹਿੰਦਾ ਹੈ ਕਿ ਜੇ ਉੱਥੇ ਕਿਸੇ ਦਾ ਕੋਈ ਚਾਚਾ, ਤਾਇਆ ਜਾਂ ਮਾਮਾ ਜਾਂ ਕੋਈ ਵੀ ਹੈ ਉਸ ਨੇ ਤੁਹਾਡੀ ਮਦਦ ਨਹੀਂ ਕਰਨੀ। ਪਹਿਲਾਂ ਹੀ ਮਨ ਮਾਰ ਲਓ ਕਿਉਂਕਿ ਕਿਸੇ ਨੇ ਮਦਦ ਨਹੀਂ ਕਰਨੀ। ਇਹ ਨਾ ਸੋਚੋ ਕਿ ਮੇਰਾ ਮਾਮਾ ਹੈ ਉੱਥੇ। ਕਿਸੇ ਮਾਮੇ ਨੇ ਕੰਮ ਨਹੀਂ ਆਉਣਾ, ਉਹਨੇ ਕਹਿਣਾ, 'ਮੈਂ ਕੀ ਕਰਾਂ? ਮੇਰਾ ਤਾਂ ਆਪਣਾ ਹੀ ਨਹੀਂ ਸਰਦਾ।' ਬੇਸ਼ੱਕ ਕਿੰਨਾ ਹੀ ਪੈਸਾ ਉਹਦੇ ਕੋਲ ਹੋਵੇ। ਸੁੱਖੀ ਬਾਠ ਮੁਤਾਬਕ ਉਦੋਂ ਹੀ ਬਾਹਰ ਦੇ ਲਈ ਅਪਲਾਈ ਕਰਿਓ ਜਦੋਂ ਤੁਹਾਡੇ ਖਾਤੇ ਵਿਚ ਦੋ ਸਾਲ ਦਾ ਖ਼ਰਚਾ ਯਾਨੀ ਸੱਠ ਹਜ਼ਾਰ ਡਾਲਰ ਹੋ ਜਾਣ। ਪਾਕੇਟ ਮਨੀ, ਬੱਸਾਂ ਦਾ ਕਿਰਾਇਆ, ਖਾਣ-ਪੀਣ। ਜੇ ਸੱਠ ਹਜ਼ਾਰ ਡਾਲਰ ਕਿਸੇ ਦੇ ਅਕਾਊਂਟ ਦੇ ਵਿਚ ਨਹੀਂ ਪਿਆ, ਤਾਂ ਰੱਬ ਦਾ ਵਾਸਤਾ ਯਾਦ ਰੱਖੋ ਕਿ ਤੁਸੀਂ ਉੱਧਰ ਜਾ ਕੇ ਖ਼ਰਾਬ ਹੋਵੋਗੇ। ਨਾਲੇ ਕੌਣ ਕਹਿੰਦਾ ਕਿ ਦੋ ਸਾਲ ਬਾਅਦ ਵੀ ਕੋਈ ਗਾਰੰਟੀ ਹੈ? ਸੁੱਖੀ ਬਾਠ ਅੱਠ-ਅੱਠ ਸਾਲਾਂ ਤੋਂ ਉੱਥੇ ਸਟੂਡੈਂਟ ਦੇਖਦਾ ਆ ਰਿਹਾ ਹੈ। ਕਿਸੇ ਪਾਸੇ ਵੀ ਨਹੀਂ ਲੱਗੇ, ਚੋਰੀ ਕੰਮ ਕਰਦੇ ਹਨ, ਵੀਹ ਘੰਟੇ ਕਰਦੇ ਹਨ। ਕਿਹੜਾ ਕੰਮ




ਮਿਲਦਾ? ਲੋਕਾਂ ਦੀਆਂ ਟਾਇਲਟਾਂ ਸਾਫ਼ ਕਰਨ ਦੀ ਜੌਬ ਮਿਲਦੀ ਹੈ। ਉਹ ਪਤੇ ਦੀ ਗੱਲ ਦੱਸਦਾ ਹੋਇਆ ਕਹਿੰਦਾ ਹੈ ਕਿ ਇਕ ਖਾ ਲਓ, ਇੱਜ਼ਤ ਦੀ ਤਾਂ ਖਾਓ। ਐਵੇਂ ਬਿਨਾਂ ਗੱਲ ਤੋਂ ਹਵਾ ਵਿਚ ਉੱਡੇ ਫਿਰਦੇ ਹਨ। ਸੁੱਖੀ ਬਾਠ ਵਿਦਿਆਰਥੀਆਂ ਵਿਚ ਅਵੇਅਰਨੈੱਸ ਪੈਦਾ ਕਰ ਰਿਹਾ ਹੈ। ਸੁੱਖੀ ਬਾਠ ਮੁਤਾਬਕ ਸਟੂਡੈਂਟ ਬਣਨਾ ਬੁਰਾਈ ਨਹੀਂ, ਬਾਹਰ ਜਾ ਕੇ ਪੜ੍ਹਨਾ ਕੋਈ ਬੁਰਾਈ ਨਹੀਂ, ਪਰ ਉੱਥੇ ਜਾਣ ਤੋਂ ਪਹਿਲਾਂ ਆਪਣੀ ਅਬਿਲਿਟੀ ਨੂੰ ਜ਼ਰੂਰ ਨਾਪ ਲੈਣਾ ਚਾਹੀਦਾ। ਕੌਣ ਕਿਸੇ ਦੇ ਕੰਮ ਆ ਸਕਦਾ ਹੈ? ਸਿਰਫ਼ ਅਸੀਂ ਖ਼ੁਦ ਹੀ ਖ਼ੁਦ ਦੇ ਕੰਮ ਆ ਸਕਦੇ ਹਾਂ, ਹੋਰ ਕਿਸੇ ਨੇ ਨਹੀਂ ਆਉਣਾ।




# ਬਿਜ਼ਨਿਸ ਅਦਾਰੇ



ਸੁੱਖੀ ਬਾਠ ਜੀ ਹੁਰਾਂ ਦਾ ਬੇਸ ਕੈਨੇਡਾ ਦੇ ਸਰੀ ਸ਼ਹਿਰ ਦਾ ਹੈ ਜੋ ਪੰਜਾਬੀਆਂ ਵਿਚ ਕਾਫ਼ੀ ਮਸ਼ਹੂਰ ਸ਼ਹਿਰ ਹੈ ਅਤੇ ਪੰਜਾਬੀਆਂ ਦਾ ਗੜ੍ਹ ਹੈ। ਉੱਥੇ ਉਨ੍ਹਾਂ ਦਾ ਹੈੱਡ-ਆਫ਼ਿਸ ਹੈ। ਉਸ ਕੋਲ ਪੰਜ ਬਿਜ਼ਨਿਸ ਅਤੇ ਗ਼ੈਰ-ਬਿਜ਼ਨਿਸ/ਨਾਨ-ਪ੍ਰਾਫਿਟ ਅਦਾਰੇ ਹਨ ਜੋ ਸੁਖੀ ਬਾਠ, ਗਰੁੱਪ ਆਫ਼ ਕੰਪਨੀਜ਼ (ਅੰਬਰੇਲਾ ਨਾਂਅ) ਹੇਠਾਂ ਕੰਮ ਕਰਦੇ ਹਨ। ਗ਼ੈਰ-ਬਿਜ਼ਨਿਸ ਅਦਾਰਾ, ਸੁੱਖੀ ਬਾਠ ਫਾਊਂਡੇਸ਼ਨ / ਪੰਜਾਬ ਭਵਨ ਵੀ ਇਨ੍ਹਾਂ ਹੇਠਾਂ ਹੀ ਕੰਮ ਕਰਦਾ ਹੈ। ਤਕਰੀਬਨ 300 ਕੁ ਮੁਲਾਜ਼ਮ ਉਨ੍ਹਾਂ ਦੇ ਅਦਾਰਿਆਂ ਵਿਚ ਕੰਮ ਕਰਦੇ ਹਨ, ਸਾਰੇ ਰਲ਼-ਮਿਲ ਕੇ ਰੋਟੀ ਖਾਂਦੇ ਹਨ। ਸੁੱਖੀ ਬਾਠ ਕੋਲ ਆਟੋ, ਐਕਸਪ੍ਰੈਸ ਕਾਰ ਵਾਸ਼ / ਆਇਲ ਚੇਂਜ, ਯਾਨੀ ਮੋਟਰ ਕਾਰਾਂ ਦਾ ਵਪਾਰ ਹੈ ਜੋ ਉਸ ਦੁਆਰਾ ਸ਼ੁਰੂ ਕੀਤਾ ਪਹਿਲਾ ਵਪਾਰ ਸੀ, ਇਸ ਕਾਰੋਬਾਰ ਵਾਸਤੇ ਕਈ ਏਜੰਸੀਆਂ ਉਨ੍ਹਾਂ ਨਾਲ ਜੁੜੀਆਂ ਹੋਈਆਂ ਹਨ ਜੋ ਤਿੰਨ ਲੋਕੇਸ਼ਨਜ਼ 'ਤੇ ਪੈਂਦੀਆਂ ਹਨ। ਇਹਨਾਂ ਵਿੱਚ ਗ੍ਰੀਨਲਾਈਟ ਕਾਰਪੋਰੇਸ਼ਨ, ਕੁਇੱਕਫਾਈਨੈਂਸ ਕਾਰਪੋਰੇਸ਼ਨ ਸ਼ਾਮਲ ਹਨ ਜੋ ਲੋਕਾਂ ਦੀ ਜ਼ਰੂਰਤ ਮੁਤਾਬਕ ਖ਼ਾਸ ਕਰਕੇ ਪੰਜਾਬੀ ਭਾਈਚਾਰੇ ਦੀ ਜ਼ਰੂਰਤ ਮੁਤਾਬਕ ਫਾਈਨੈਂਸ ਦਾ ਸਾਰਾ ਪ੍ਰਬੰਧ ਕਰਦੀਆਂ ਹਨ ਜਿਸ ਵਿਚ ਮੌਰਗੇਜ (MORTGAGE) ਵਗੈਰਾ ਕਰਦੇ ਹਨ, ਪਰਸਨਲ ਲੋਨਜ਼ ਦਿੰਦੇ ਹਨ ਕਿਉਂਕਿ ਪੰਜਾਬੀ ਲੋਕ ਹਾਈਵੇਜ਼ ਟਰੱਕਾਂ ਦੇ ਕੰਮ ਵਿਚ ਹਨ, ਉਨ੍ਹਾਂ ਲਈ ਇਹ ਸਾਰਾ ਇੰਤਜ਼ਾਮ ਕੀਤਾ ਜਾਂਦਾ ਹੈ।


ਜਿਸ ਦਾ ਗਾਹਕ
ਰਾਜ਼ੀ ਹੋ ਗਿਆ
ਉਸ ਦਾ ਰੱਬ ਵੀ
ਰਾਜ਼ੀ ਹੋ ਗਿਆ...
ਫਿਰ ਵਪਾਰ ਦੇ ਮੱਕੇ ਕੀ ਜਾਣਾ
ਦੁਕਾਨ ਤੇ ਬੈਠਾ ਹੀ
ਹਾਜੀ ਹੋ ਗਿਆ...
- ਸੁੱਖੀ ਬਾਠ
Sukhi Bath
motors

# ਸੁੱਖੀ ਬਾਠ ਫਾਊਂਡੇਸ਼ਨ



ਸੁੱਖੀ ਬਾਠ ਜੀ ਬਾਰੇ ਜਿਦਾਂ ਕਿ ਅਸੀਂ ਪਹਿਲਾਂ ਵੀ ਜ਼ਿਕਰ ਕੀਤਾ ਸੀ ਕਿ ਉਹ ਇਕ ਉੱਘੇ ਅਤੇ ਸਫ਼ਲ ਬਿਜ਼ਨਿਸ ਮੈਨ ਤੋਂ ਇਲਾਵਾ ਇਕ ਸੱਚੇ-ਸੁੱਚੇ ਸਮਾਜ ਸੇਵਕ ਵੀ ਹਨ। ਸੁੱਖੀ ਬਾਠ ਹੁਰਾਂ ਨੇ ਸੰਨ 1993 ਦੇ ਵਿਚ ਸੁੱਖੀ ਬਾਠ ਫਾਊਂਡੇਸ਼ਨ ਰਜਿਸਟਰ ਕਰਵਾਈ ਸੀ ਜੋ ਕਿ ਇਕ ਨਾਨ-ਪ੍ਰਾਫਿਟ ਆਰਗੇਨਾਈਜ਼ੇਸ਼ਨ ਹੈ। ਜਦੋਂ ਇਸ ਫਾਊਂਡੇਸ਼ਨ ਨੂੰ ਬਣਾਇਆ ਗਿਆ ਸੀ ਉਦੋਂ ਜਿਨ੍ਹਾਂ ਸਿਧਾਂਤਕ ਗੱਲਾਂ 'ਤੇ ਕੰਮ ਕੀਤਾ ਗਿਆ ਸੀ, ਉਹ ਸੀ ਕਿ ਬਾਕੀ ਦੀਆਂ ਐਨ. ਜੀ. ਓਜ਼., ਫਾਊਂਡੇਸ਼ਨ, ਆਰਗੇਨਾਈਜ਼ੇਸ਼ਨਜ਼ ਜੋ ਕੰਮ ਕਰਦੀਆਂ ਹਨ, ਸੁੱਖੀ ਬਾਠ ਫਾਊਂਡੇਸ਼ਨ ਉਹ ਨਹੀਂ ਕਰੇਗੀ ਕਿਉਂਕਿ ਹੁੰਦਾ ਕੀ ਹੈ ਕਿ ਬੜੇ ਲੋਕ ਚੰਗਾ ਕੰਮ ਕਰਦੇ ਹਨ, ਅਕਸਰ ਜੋ ਫਾਊਂਡੇਸ਼ਨ ਉੱਠਦੀ ਹੈ, ਉਹ ਪਹਿਲੇ ਸਾਲ ਬੜੀ ਤਰੱਕੀ ਕਰਦੀ ਹੈ, ਦੂਜੇ ਸਾਲ ਪੈਸਾ ਜਾਂ ਫ਼ੰਡ ਬਥੇਰਾ ਇਕੱਠਾ ਹੋ ਜਾਂਦਾ ਹੈ, ਤੀਜੇ ਕੁ ਸਾਲ ਜਾ ਕੇ ਉਹ ਆਪਸ ਵਿਚ ਹੀ ਲੜ ਪੈਂਦੇ ਹਨ, ਪੈਸਾ ਇੱਧਰ ਦਾ ਉੱਧਰ ਹੋ ਜਾਂਦਾ ਹੈ ਤੇ ਚੌਥੇ ਸਾਲ ਉਹ ਤਿੱਤਰ-ਬਿੱਤਰ ਹੋ ਜਾਂਦੇ ਹਨ ਤੇ ਜਿਨ੍ਹਾਂ ਨੇ ਆਪਣੀ ਖ਼ੂਨ-ਪਸੀਨੇ ਦੀ ਕਮਾਈ ਵਿੱਚੋਂ ਉਸ ਫਾਊਂਡੇਸਨ ਨੂੰ ਪੈਸੇ ਦਿੱਤੇ ਹੁੰਦੇ ਹਨ, ਉਨ੍ਹਾਂ ਦੇ ਦਿਲ ਬੜੇ ਦੁਖਦੇ ਹਨ। ਦੂਜੇ ਪਾਸੇ, ਸੁੱਖੀ ਬਾਠ ਫਾਊਂਡੇਸ਼ਨ ਦਾ ਪਹਿਲਾ ਸਿਧਾਂਤ ਹੈ ਕਿ ਇਸ ਫਾਊਂਡੇਸ਼ਨ ਲਈ ਪੈਸਾ ਇਕੱਠਾ ਨਹੀਂ ਕੀਤਾ ਜਾਂਦਾ, ਉਹ ਆਪ ਪੈਸਾ ਲਾਉਂਦੇ ਹਨ ਅਤੇ ਇਸ ਤੋਂ ਵੀ ਵੱਡਾ ਮਕਸਦ ਹੈ ਕਿ ਪੈਸੇ



ਅਪਾਹਜਾਂ ਦੇ ਇਲਾਜ ਦੀ ਸੇਵਾ



ਗ਼ਰੀਬ ਬੱਚਿਆਂ ਨੂੰ ਸਕੂਲ ਭੇਜਣ ਅਤੇ ਭੋਜਨ ਲਈ ਲੋੜੀਂਦੀ ਸਹਾਇਤਾ




ਮਾਂ ਬੋਲੀ, ਪੰਜਾਬੀ ਸੱਭਿਆਚਾਰ ਤੇ ਪੰਜਾਬੀ ਸਾਹਿਤ ਦੀ ਸੇਵਾ ਦਾ ਪ੍ਰਤੀਕ



ਮੁਫ਼ਤ ਅੱਖਾਂ ਦੇ ਕੈਂਪਾਂ ਦੀ ਸੇਵਾ



ਭੁੱਖੇ ਬੱਚਿਆਂ ਦੀ ਖਾਣੇ ਦੀ ਸੇਵਾ



ਗ਼ਰੀਬ ਧੀਆਂ ਦੇ ਵਿਆਹਾਂ ਲਈ ਲੋੜੀਂਦੀ ਸਹਾਇਤਾ



ਦੇਣ ਦੀ ਬਜਾਇ ਉਹ ਦੂਜਿਆਂ ਨੂੰ ਪੈਸੇ ਕਮਾਉਣ ਜੋਗਾ ਬਣਾਉਣਾ ਚਾਹੁੰਦੇ ਹਨ। ਉਹ ਆਈ ਕੈਂਪ ਲਾਉਂਦੇ ਹਨ, ਲੋਕਾਂ ਦੀਆਂ ਅੱਖਾਂ ਬਣਾ ਦਿੰਦੇ ਹਨ, ਬਜ਼ੁਰਗਾਂ ਦੀ ਲੋੜ ਪੂਰੀ ਕਰ ਦਿੰਦੇ ਹਨ,ਬੱਚੀਆਂ ਦੀਆਂ ਸ਼ਾਦੀਆਂ ਕਰਾ ਦਿੰਦੇ ਹਨ, ਹਾਂ, ਇੱਦਾਂ ਹੁੰਦਾ ਹੈ ਕਿ ਕਿਸੇ ਸਮਾਜ ਦੇ ਵਿਚ ਵਿਆਹੁਣ ਲਾਇਕ ਹੋਈ ਕੁੜੀ ਘਰੇ ਬੈਠੀ ਹੈ ਤੇ ਇਸ ਸਮਾਜ ਦੇ ਵਿਚ ਬਾਜ਼ ਬੈਠੇ ਨੇ ਉਸ ਨੂੰ ਚੁੱਕਣ ਲਈ, ਇਸ ਡਰੋਂ ਉਹ ਕਿਸੇ ਗ਼ਰੀਬ ਦੀ ਲੜਕੀ ਨੂੰ ਵਿਆਹ ਦਿੰਦੇ ਹਨ। ਪਰ ਸੁੱਖੀ ਬਾਠ ਦਾ ਮਕਸਦ ਹੈ ਕਿ ਉਹ ਆਪਣੀ ਫਾਊਂਡੇਸ਼ਨ ਦੇ ਇਸ ਮਕਸਦ ਵਿਚ ਤਬਦੀਲੀ ਲੈ ਕੇ ਆਉਣ ਯਾਨੀ ਜੇ ਉਹ ਦੋ ਲੱਖ ਰੁਪਇਆ ਇਕ ਕੁੜੀ ’ਤੇ ਲਾਉਂਦੇ ਹਨ, ਤਾਂ ਉਹ ਉਸ ਦੋ ਲੱਖ ਰੁਪਏ ਨਾਲ ਉਸ ਕੁੜੀ ਨੂੰ 6ਵੀਂ-7ਵੀਂ ਕਲਾਸ ਦੇ ਵਿੱਚੋਂ ਹੀ ਅਡੌਪਟ ਕਰਨਾ ਚਾਹੁੰਦੇ ਹਾਂ, ਫਿਰ ਉਹ ਉਸ ਨੂੰ ਪੜ੍ਹਾਈ ਕਰਵਾ ਕੇ ਇਸ ਲਾਇਕ ਬਣਾਉਣਾ ਚਾਹੁੰਦੇ ਹਨ ਕਿ ਉਹ ਸਹੁਰਿਆਂ ਦੀ ਕਮਾਈ ਤੋਂ ਬਗੈਰ ਵੀ ਆਪਣੀ ਰੋਟੀ ਕਮਾ ਸਕੇ। ਸੋ ਅਵੇਅਰਨੈੱਸ ਪੈਦਾ ਕਰਨੀ ਸੁੱਖੀ ਬਾਠ ਦੀ ਸੋਚ ਅਨੁਸਾਰ ਉਨ੍ਹਾਂ ਦਾ ਮੁੱਖ ਮਕਸਦ ਹੈ।

1993 ਤੋਂ ਇਸ ਫਾਊਂਡੇਸ਼ਨ ਨੇ ਉੱਪਰ ਨੂੰ ਹੀ ਪੌੜੀਆਂ ਚੜ੍ਹੀਆਂ ਹਨ ਜਿਵੇਂ ਕਿ ਫਾਊਂਡੇਸ਼ਨ ਪਹਿਲਾਂ ਇਕ ਕੈਂਪ ਲਾਉਂਦੀ ਸੀ ਤੇ ਹੁਣ ਕਿੱਥੇ 45, 46, 50 ਕੈਂਪਾਂ ’ਤੇ ਪਹੁੰਚ ਗਏ, ਪਹਿਲਾਂ ਇਕ-ਦੋ ਕੁੜੀਆਂ ਵਿਆਹੁੰਦੇ ਸੀ, ਹੁਣ 30-40 ਕੁੜੀਆਂ ਸਾਲ ਵਿਚ ਵਿਆਹ ਦਿੰਦੇ ਹਨ। ਇਸ ਤੋਂ ਇਲਾਵਾ, ਉਹ



ਆਰਟੀਫੀਸ਼ੀਅਲ ਜਾਂ ਬਣਾਵਟੀ ਅੰਗ ਲਗਾਉਂਦੇ ਹਨ, ਲੋਕਾਂ ਦੀਆਂ ਬਾਹਾਂ ਲੱਤਾਂ ਕਟ ਹੋ ਜਾਂਦੀਆਂ ਹਨ, ਉਹ ਡਿਸਏਬਲ ਹੋ ਜਾਂਦੇ ਹਨ ਤੇ ਉਨ੍ਹਾਂ ਨੂੰ ਵੀਲ੍ਹ-ਚੇਅਰਾਂ ਚਾਹੀਦੀਆਂ ਹੁੰਦੀਆਂ ਹਨ। ਕਿੱਥੇ ਇਹ ਫਾਉਂਡੇਸ਼ਨ ਪਹਿਲਾਂ ਉਨ੍ਹਾਂ ਨੂੰ 5-7 ਵੀਲ੍ਹ-ਚੇਅਰਾਂ ਦਿੰਦੀ ਸੀ, ਕਿੱਥੇ ਹੁਣ ਇਹ ਗਿਣਤੀ ਹਜ਼ਾਰਾਂ ਵਿਚ ਪਹੁੰਚ ਗਈ ਹੈ, ਸੋ ਸੁੱਖੀ ਬਾਠ ਦੇ ਅਨੁਸਾਰ ਅਵੇਅਰਨੈੱਸ ਪੈਦਾ ਹੋਈ ਹੈ ਅਤੇ ਉਨ੍ਹਾਂ ਨੇ ਅਕਸਰ ਬੜੀ ਖ਼ੁਸ਼ੀ ਨਾਲ ਇਹ ਗੱਲ ਕਹੀ ਹੈ ਕਿ ਤਕਰੀਬਨ ਸੌ ਦੇ ਕਰੀਬ ਉਨ੍ਹਾਂ ਕੋਲ ਅੱਜ ਗ਼ਰੀਬ ਬੱਚੀਆਂ ਨੇ ਜਿਨ੍ਹਾਂ ਦੀ ਐਜੂਕੇਸ਼ਨ ਦਾ ਇੰਤਜ਼ਾਮ ਇਹ ਫਾਊਂਡੇਸ਼ਨ ਕਰ ਰਹੀ ਹੈ।

ਪਿੱਛੇ ਜਿਹੇ ਫ਼ਿਲਪੀਨ ਦੇ ਵਿਚ ਬੜੀ ਤਬਾਹੀ ਹੋਈ ਸੀ, ਸੁੱਖੀ ਬਾਠ ਉਸ ਵੇਲੇ ਵੀ ਉਸ ਕੰਮਿਊਨਟੀ ਨਾਲ ਤੁਰਿਆ ਸੀ, ਵਲੰਟੀਅਰ ਵਰਕ ਬੜਾ ਕੀਤਾ, 131 ਹਜ਼ਾਰ ਡਾਲਰ ਸਹਾਇਤਾ ਦੇ ਤੌਰ ਤੇ ਦਿਤੇ, ਕੈਨੇਡਾ ਦੇ ਵਿਚ ਸਰੀ, ਵੈਨਕੂਵਰ ਦੇ ਵਿਚ ਇਹ ਗੱਲ ਬੜੀ ਪ੍ਰਚਲਿਤ ਹੈ ਬਈ ਕੋਈ ਜ਼ਰੂਰਤਮੰਦ ਹੈ, ਤਾਂ ਅਕਸਰ ਉਹ ਸੁੱਖੀ ਬਾਠ ਫਾਊਂਡੇਸ਼ਨ ਨੂੰ ਯਾਦ ਕਰ ਲੈਂਦਾ ਹੈ। ਸੁੱਖੀ ਬਾਠ ਮੁਤਾਬਕ, ਇਨ੍ਹਾਂ ਸਾਰਿਆਂ ਦੇ ਪਿੱਛੇ ਉੱਪਰ ਵਾਲੇ ਦਾ ਹੱਥ ਹੈ।




# ਨਿਊ ਸਲਿਊਸ਼ਨਜ
# ਫ਼ਾਰ ਐੱਨ. ਆਰ. ਆਈ. ਪ੍ਰੋਪਰਟੀਜ਼



ਸੁੱਖੀ ਬਾਠ ਜੀ ਹੁਰਾਂ ਦੇ ਐਨ. ਆਰ. ਆਈ. ਸਲਿਊਸ਼ਨਜ ਦੀ ਸ਼ੁਰੂਆਤ ਕਰਨ ਪਿੱਛੇ ਮਕਸਦ ਬਹੁਤ ਸਾਫ਼ ਸੀ। ਉਹ ਆਪਣੇ ਲੋਕਾਂ ਅਤੇ ਆਪਣੀ ਕੌਮ ਦੀਆਂ ਜ਼ਰੂਰਤਾਂ ਤੋਂ ਭਲੀ-ਭਾਂਤ ਵਾਕਫ਼ ਹੈ। ਉਸ ਨੇ ਗੌਰ ਕੀਤਾ ਕਿ ਜਿਹੜੇ ਬਾਹਰਲੇ ਮੁਲਕਾਂ ਵਿਚ ਸਾਡੇ ਪੰਜਾਬੀ ਭਰਾ ਰਹਿੰਦੇ ਹਨ ਉਨ੍ਹਾਂ ਨੂੰ ਬਹੁਤ ਵਾਰ ਪੰਜਾਬ ਵਿਚ ਆਪਣੀ ਜ਼ਮੀਨ-ਜਾਇਦਾਦ ਨੂੰ ਲੈ ਕੇ ਬਹੁਤ ਮੁਸ਼ਕਲਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ। ਪੰਜਾਬੀਆਂ ਨੂੰ ਇੰਨੀਆਂ ਸਾਰੀਆਂ ਸਮੱਸਿਆਵਾਂ ਆਉਂਦੀਆਂ ਹਨ। ਅੱਜ ਵੀ ਹਰ ਘਰ ਦੇ ਵਿੱਚ ਆਪਣੇ ਦੇਸ਼ ਵਾਲੀ ਪੰਜਾਬ ਵਾਲੀ ਜਾਇਦਾਦ ਦਾ ਕੋਈ ਨਾ ਕੋਈ ਝਗੜਾ ਚੱਲਦਾ ਰਹਿੰਦਾ ਹੈ। ਇਸੇ ਕਰਕੇ ਸੁੱਖੀ ਬਾਠ ਨੇ ਇਨ੍ਹਾਂ ਐੱਨ. ਆਰ. ਆਈ. ਭਰਾਵਾਂ ਦੀ ਮਦਦ ਕਰਨ ਲਈ ਨਿਊ ਸਲਿਊਸ਼ਨਜ ਫ਼ਾਰ ਐੱਨ. ਆਰ. ਆਈ. ਪ੍ਰੋਪਰਟੀਜ਼ ਦੀ ਨੀਂਹ ਧਰੀ ਅਤੇ ਇਹਦੇ ਨਾਲ ਸਾਡੇ ਪੰਜਾਬੀ ਭਰਾਵਾਂ ਦੀ ਸਮੱਸਿਆਵਾਂ ਨੂੰ ਦੂਰ ਕੀਤਾ ਜਾ ਰਿਹਾ ਹੈ ਅਤੇ ਸੁੱਖੀ ਬਾਠ ਦਾ ਇਹ ਉਪਰਾਲਾ ਬੜਾ ਸਫ਼ਲ ਰਿਹਾ ਹੈ। ਐੱਨ. ਆਰ. ਆਈ. ਸਲਿਊਸ਼ਨਜ ਕੰਪਨੀ ਦੀਆਂ ਜਿਹੜੀਆਂ ਦੋ ਬ੍ਰਾਂਚਾਂ ਹਨ ਜਾਂ ਦੋ ਸਿਸਟਰ ਕੰਪਨੀਆਂ ਹਨ, ਇਕ ਉਨ੍ਹਾਂ ਦੀ ਬ੍ਰਾਂਚ ਇੰਡੀਆ ਵਿਚ ਵੀ ਹੈ ਜਿਸ ਨੂੰ ਮੁਸਕਾਨ ਇਸਟੇਟ ਇੰਡੀਆ ਕਹਿੰਦੇ ਹਨ। ਕੈਨੇਡਾ ਦੇ ਵਿਚ ਉਨ੍ਹਾਂ ਦੇ ਤਿੰਨ ਆਫ਼ਿਸ ਹਨ, ਟਰਾਂਟੋ, ਐਡਮਿੰਟਨ ਤੇ ਸਰੀ ਦੇ ਵਿਚ। ਨਾਲੇ ਸੁੱਖੀ ਬਾਠ ਕੋਲ ਇਕ ਸਟੂਡੀਓ ਸੈਵਨ ਦੀ ਇਕ ਰੂਪ-ਰੇਖਾ ਹੈ ਜਿਸ ਨੂੰ ਬਹੁਤ ਟਾਈਮ ਨਹੀਂ ਹੋਇਆ, ਇਹਨੂੰ ਉਹ ਪੰਜਾਬੀ ਸਿਨੇਮਾ ਨਾਲ ਜੋੜਨ ਦੀ ਕੋਸ਼ਿਸ਼ ਕਰ ਰਹੇ ਹਨ।




# ਸਮਾਜ ਸੇਵਾ ਦੇ ਕੰਮ




ਸੁੱਖੀ ਬਾਠ ਜੀ ਨੇ ਇੰਡੀਆ ਦੇ ਵਿਚ ਸੁੱਖੀ ਬਾਠ ਸੇਵਾ ਕਲੱਬ ਖੋਲ੍ਹਿਆ ਹੈ, ਜਿਹੜਾ ਕਿ ਹਰ ਸਾਲ ਫਰਵਰੀ ਦੇ ਮਹੀਨੇ ਵਿਚ ਸਮਾਗਮ ਕਰਾਉਂਦਾ ਹੈ, ਪਹਿਲਾਂ ਇਹ ਸਮਾਗਮ ਛੋਟੇ ਲੈਵਲ ਤੋਂ ਸ਼ੁਰੂ ਕੀਤੇ ਗਏ ਸੀ ਤੇ ਕੁਝ ਸਾਲ ਪਹਿਲਾਂ ਇਸ ਸੇਵਾ ਕਲੱਬ ਨੇ 48 ਕੈਂਪ ਪੂਰੇ ਪੰਜਾਬ ਵਿਚ ਲਗਾਏ ਸਨ ਜਿਹਦੇ ਵਿਚ ਤਕਰੀਬਨ 90,000 ਮਰੀਜ਼ਾਂ ਨੂੰ ਚੈੱਕ ਕੀਤਾ ਗਿਆ ਸੀ, ਜਿਨ੍ਹਾਂ ਵਿੱਚੋਂ 13,000 ਲੋਕਾਂ ਦੀ ਨਜ਼ਰ ਠੀਕ ਕੀਤੀ ਗਈ ਸੀ ਜਾਂ ਕਹਿ ਲਓ ਕਿ ਜਿਨ੍ਹਾਂ ਦੇ ਚਿੱਟਾ ਮੋਤੀਆ ਉੱਤਰਿਆ ਸੀ ਉਨ੍ਹਾਂ ਦੇ ਲੈਂਜ਼ ਪਾ ਕੇ ਦਿੱਤੇ ਸਨ।

ਸੁੱਖੀ ਬਾਠ ਦੀ ਇਹ ਸੰਸਥਾ ਹਰ ਸਾਲ 18-20-24 ਲੜਕੀਆਂ ਦੀ ਸ਼ਾਦੀ ਕਰਦੀ ਹੈ, ਉਨ੍ਹਾਂ ਵਿਚ ਪੂਰੇ ਰਹੁ ਰੀਤਾਂ ਤੇ ਸ਼ਗਨ ਕੀਤੇ ਜਾਂਦੇ ਹਨ, ਲੜਕੀਆਂ ਦੀਆਂ ਬਰਾਤਾਂ ਆਉਂਦੀਆਂ ਹਨ, ਫਿਰ ਉਨ੍ਹਾਂ ਦੀਆਂ ਡੋਲੀਆਂ ਤੋਰੀਆਂ ਜਾਂਦੀਆਂ ਹਨ ਤੇ ਅਸੀਂ ਮੀਡੀਆ ਦੀਆਂ ਤਸਵੀਰਾਂ ਵਿਚ ਆਮ ਹੀ ਦੇਖ ਸਕਦੇ ਹਾਂ ਕਿ ਇਨ੍ਹਾਂ ਮੌਕਿਆਂ 'ਤੇ ਸੁੱਖੀ ਬਾਠ ਬਹੁਤ ਭਾਵੁਕ ਮਹਿਸੂਸ ਕਰਦਾ ਹੈ। ਉਹ ਆਪ ਡੋਲੀ ਤੋਰਦਾ ਹੈ। ਉਹ ਪੰਜਾਬ ਵਾਲੇ ਆਪਣੇ ਘਰ ਵਿੱਚੋਂ 300 ਤੋਂ ਵੱਧ ਡੋਲੀਆਂ ਤੋਰ ਚੁੱਕਾ ਹੈ, ਸੁੱਖੀ ਬਾਠ ਅਕਸਰ ਇਹ ਗੱਲ ਕਹਿੰਦਾ ਹੈ ਕਿ ਇਕ ਸਮਾਂ ਸੀ ਜਦੋਂ ਉਸ ਨੂੰ ਆਪਣੀਆਂ ਭੈਣਾਂ ਦੀ ਡੋਲੀ ਤੋਰਨ ਦਾ ਫ਼ਿਕਰ ਰਹਿੰਦਾ ਸੀ। ਪਰ ਹੁਣ ਉਹ ਇਨ੍ਹਾਂ ਜ਼ਰੂਰਤਮੰਦ ਕੁੜੀਆਂ ਦੀ ਡੋਲੀ ਤੋਰਦਾ ਹੈ। ਉਹ ਸਿਰਫ਼ ਡੋਲੀ ਤੋਰਨ ਤਕ ਹੀ ਸੀਮਿਤ ਨਹੀਂ ਰਹਿੰਦਾ, ਸਗੋਂ ਦੂਸਰੇ ਦਿਨ ਕੁੜੀਆਂ ਨੂੰ ਘਰ ਵਿਚ



ਵਰਤਣ ਵਾਲਾ ਸਾਮਾਨ, ਤਕਰੀਬਨ ਇਕ ਲੱਖ ਕੁ ਰੁਪਏ ਦੀ ਰਾਸ਼ੀ, ਆਪ ਉਨ੍ਹਾਂ ਦੇ ਘਰ-ਘਰ ਜਾ ਕੇ ਦਿੰਦਾ ਹੈ। ਇਸ ਤੋਂ ਇਲਾਵਾ, ਜਿਵੇਂ ਪਹਿਲਾਂ ਜ਼ਿਕਰ ਕੀਤਾ ਸੀ ਕਿ ਸੁੱਖੀ ਬਾਠ ਸੇਵਾ ਕਲੱਬ ਬਣਾਵਟੀ ਅੰਗ ਲਗਾਉਣ ਦੀ ਵੀ ਸੇਵਾ ਪ੍ਰਦਾਨ ਕਰਦਾ ਹੈ। ਸੁੱਖੀ ਬਾਠ ਕਹਿੰਦਾ ਹੈ ਕਿ ਜਦੋਂ ਉਹ ਪੰਜਾਬ ਵਿਚ ਵਿਚਰਦਾ ਹੈ ਤੇ ਆਮ ਤੌਰ 'ਤੇ ਪਿੰਡਾਂ ਵਿਚ ਅਤੇ ਸ਼ਹਿਰਾਂ ਦੇ ਗ਼ਰੀਬ ਕਸਬਿਆਂ ਦੇ ਲੋਕ ਮਿਲ ਜਾਂਦੇ ਹਨ ਜਿਨ੍ਹਾਂ ਦਾ ਐਕਸੀਡੈਂਟ ਹੋਇਆ ਹੁੰਦਾ ਹੈ, ਇਹ ਐਕਸੀਡੈਂਟ ਅਕਸਰ ਪੈਲ਼ੀਆਂ ਦੇ ਵਿਚ ਹੁੰਦੇ ਹਨ ਜਦੋਂ ਕਣਕ ਕੱਟਣ ਵਾਲੀ ਮਸ਼ੀਨ ਨਾਲ ਬਾਹਾਂ ਜਾਂ ਲੱਤਾਂ ਕੱਟੀਆਂ ਜਾਂਦੀਆਂ ਹਨ। ਅਜਿਹੇ ਲੋਕਾਂ ਨੂੰ ਟ੍ਰਾਈਸਾਈਕਲ ਚਾਹੀਦਾ ਹੁੰਦਾ ਹੈ, ਜਿਹੜੇ ਅਪਾਹਜ ਹੁੰਦੇ ਹਨ, ਉਨ੍ਹਾਂ ਨੂੰ ਵੀਲ੍ਹ-ਚੇਅਰਾਂ ਚਾਹੀਦੀਆਂ ਹੁੰਦੀਆਂ ਹਨ। ਸੁੱਖੀ ਬਾਠ ਇਨ੍ਹਾਂ ਬੇਚਾਰੇ ਲੋਕਾਂ ਲਈ ਕੈਂਪ ਲਗਾ ਕੇ ਉਨ੍ਹਾਂ ਨੂੰ ਟ੍ਰਾਈਸਾਈਕਲਾਂ ਅਤੇ ਵੀਲ੍ਹ-ਚੇਅਰਾਂ ਵੰਡਦਾ ਹੈ ਅਤੇ ਹਾਲ ਹੀ ਵਿਚ ਇਨ੍ਹਾਂ ਕੈਂਪਾਂ ਦੀ ਗਿਣਤੀ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਵੱਧ ਗਈ ਹੈ।

ਕੁਝ ਸਾਲ ਪਹਿਲਾਂ ਦੀ ਗੱਲ ਹੈ ਕਿ ਸੁੱਖੀ ਬਾਠ ਹੁਰਾਂ ਨੇ ਟੋਟਲ 47 ਕੈਂਪਸ ਲਾਏ ਸਨ ਅਤੇ ਇਕ ਐਸਟੀਮੇਟ ਦੇ ਮੁਤਾਬਕ ਉਨ੍ਹਾਂ ਨੇ 37000 ਦੇ ਕਰੀਬ ਲੋਕਾਂ ਨੂੰ ਚੈੱਕ ਕੀਤਾ ਸੀ ਅਤੇ 3200 ਦੇ ਕਰੀਬ ਲੋਕਾਂ ਦੀਆਂ ਅੱਖਾਂ ਬਣਾਈਆਂ ਗਈਆਂ ਸਨ, ਰੱਬ ਦੀ ਮਿਹਰ ਸਦਕਾ ਉਹ ਲਗਭਗ ਹਰ ਦਿਨ, ਤੇ ਕਈ ਵਾਰ ਤਾਂ ਦੋ-ਦੋ, ਤਿੰਨ-ਤਿੰਨ ਕੈਂਪ ਵੀ ਇਕ ਦਿਨ ਵਿੱਚ ਲਾਉਂਦੇ ਹੁੰਦੇ ਸਨ। 47 ਕੈਂਪਸ



“ ਗ਼ਰੀਬ ਬੱਚਿਆਂ ਨੂੰ,
ਉਹ ਗੋਦੀ ਲੈ ਲੈਂਦਾ
ਦੇਸ਼ ਦੀਆਂ ਹੱਦਾਂ ਤੋਂ,
ਬਾਹਰ ਨਿਕਲ ਪੈਂਦਾ
ਸਾਰੀ ਦੁਨੀਆ ਉਸ ਲਈ,
ਇੱਕ ਵੱਡਾ ਦੇਸ਼
ਵਾਹ! ਬੰਦੇ ਦੇ ਭੇਸ ‘ਚ
ਸੁੱਖੀ, ਦਰਵੇਸ਼!

- ਐਸ਼ – ”




ਦੇ ਵਿੱਚੋਂ 27 ਕੈਂਪਸ ਸਪੌਂਸਰ ਕੈਂਪਸ ਸਨ, ਪਰਿਵਾਰਾਂ ਨੇ ਪਿੰਡਾਂ ਦੇ ਵਿਚ ਖ਼ਾਸ ਕਰਕੇ ਆਪਣੇ ਪਿੰਡਾਂ ਦੇ ਵਿਚ ਕੈਂਪ ਲਵਾਏ, ਸੁੱਖੀ ਬਾਠ ਅਤੇ ਉਨ੍ਹਾਂ ਦੀ ਟੀਮ ਨੇ ਉਨ੍ਹਾਂ ਦੀ ਮਦਦ ਕੀਤੀ, ਆਰਗਨਾਈਜ਼ ਕਰ ਦਿੱਤਾ, ਵਲੰਟੀਅਰ ਵਰਕ ਕਰ ਦਿੱਤਾ, ਅਖ਼ੀਰ 'ਤੇ ਉਨ੍ਹਾਂ ਨੇ ਡਾਕਟਰਾਂ ਦਾ ਬਿਲ ਚੁਕਾ ਦਿੱਤਾ।

ਸੁੱਖੀ ਬਾਠ ਦਾ ਕਹਿਣਾ ਹੈ ਕਿ ਉਹ ਬਿਨਾਂ ਕਿਸੇ ਖਰਚੇ ਦੇ ਅੱਖ ਬਣਵਾ ਦਿੰਦੇ ਹਾਂ, ਉਹ ਵੀ ਸਾਰੇ ਖ਼ਰਚੇ ਪਾ ਕੇ ਅਤੇ ਜੇ ਆਪਾਂ ਸਿੱਧੇ ਹਸਪਤਾਲ ਚਲੇ ਜਾਂਦੇ ਹਾਂ, ਤਾਂ ਉੱਥੇ ਜਾ ਕੇ 15-20 ਹਜ਼ਾਰ ਰੁਪਏ ਲੱਗ ਹੀ ਜਾਂਦੇ ਹਨ ਤੇ ਗ਼ਰੀਬ ਪਰਿਵਾਰ ਜਿਹੜੇ ਦਿਹਾੜੀ-ਮਜ਼ਦੂਰੀ ਕਰਦੇ ਹਨ ਉਨ੍ਹਾਂ ਬੇਚਾਰਿਆਂ ਨੂੰ ਤਾਂ ਹਮੇਸ਼ਾ ਰੋਟੀ ਦਾ ਹੀ ਮਸਲਾ ਰਹਿੰਦਾ ਹੈ। ਇਨ੍ਹਾਂ ਕੈਂਪਾਂ ਕਰਕੇ ਉਹ ਬੇਚਾਰੇ ਦੇਖਣ ਦੇ ਕਾਬਲ ਬਣ ਜਾਂਦੇ ਹਨ। ਸੁੱਖੀ ਬਾਠ ਅਤੇ ਉਸ ਦੀ ਟੀਮ, ਡਾਕਟਰਾਂ ਨਾਲ ਸੈੱਟ-ਅਪ ਕਰ ਕੇ ਰੱਖਦੇ ਹਨ। ਹਰ ਡਿਸਟ੍ਰਿਕਟ ਦੇ ਵਿਚ ਇਕ ਹਸਪਤਾਲ ਲਿਆ ਹੋਇਆ ਹੈ। ਜਦੋਂ ਵੀ ਮਰੀਜ਼ ਉਨ੍ਹਾਂ ਦੇ ਕੈਂਪਾ ਦੇ ਵਿਚ ਆਉਂਦੇ ਹਨ, ਤਾਂ ਇਹ ਡਾਕਟਰ ਉਨ੍ਹਾਂ ਦਾ ਚੈੱਕਅਪ ਕਰਦੇ ਹਨ, ਜਿਨ੍ਹਾਂ ਮਰੀਜ਼ਾਂ ਦੀ ਅੱਖ ਠੀਕ ਹੁੰਦੀ ਹੈ, ਉਨ੍ਹਾਂ ਨੂੰ ਕਲੀਨਅਪ ਲਈ ਦਵਾਈ ਵਗੈਰਾ ਦੇ ਦਿੰਦੇ ਹਨ ਤੇ ਜਿਨ੍ਹਾਂ ਦੇ ਓਪਰੇਸ਼ਨ ਹੋਣਾ ਹੁੰਦਾ ਹੈ, ਉਹ ਹਸਪਤਾਲ ਦੇ ਵਿਚ ਉਨ੍ਹਾਂ ਦਾ ਮੈਂਬਰਸ਼ਿਪ ਕਾਰਡ ਬਣਾ ਦਿੰਦੇ ਹਨ। ਸੁੱਖੀ ਬਾਠ ਨੇ ਲੁਧਿਆਣੇ ਸ਼ਹਿਰ ਦੇ ਵਿਚ "ਪੁਨਰ ਜੋਤ ਆਈ ਬੈਂਕ" ਨਾਲ਼ ਗੂੜ੍ਹਾ ਸਬੰਧ ਰੱਖਿਆ ਹੈ , ਜਿਹਦਾ ਭਾਵ ਇਹ ਹੈ ਕਿ ਉਹ ਲੋਕਾਂ ਵਿਚ



ਅਵੇਰਨੈੱਸ ਲਿਆਉਂਦੇ ਹਨ ਕਿ ਉਹ ਡੋਨਰ ਬਣਨ ਤੇ ਬਹੁਤ ਸਾਰੇ ਲੋਕ ਡੋਨਰ ਬਣ ਜਾਂਦੇ ਹਨ। ਸੁੱਖੀ ਬਾਠ ਖ਼ੁਸ਼ੀ ਨਾਲ ਇਹ ਗੱਲ ਕਬੂਲਦਾ ਹੈ ਕਿ ਉਨ੍ਹਾਂ ਕੋਲ ਇਸ ਵੇਲੇ ਪੁਨਰ ਜੋਤ ਆਈ ਬੈਂਕ ਦੇ ਵਿਚ 700 ਤੋਂ ਵੱਧ ਅੱਖਾਂ ਸਰਪਲੱਸ ਪਈਆਂ ਹਨ। ਇਸ ਲਈ ਜੇ ਕਿਸੇ ਦਾ ਐਕਸੀਡੈਂਟ ਹੋ ਜਾਂਦਾ ਹੈ ਅਤੇ ਉਸ ਨੇ ਆਪਣੇ ਆਪ ਨੂੰ ਡੋਨਰ ਡਿਕਲੇਅਰ ਕੀਤਾ ਹੁੰਦਾ ਹੈ, ਤਾਂ ਉਨ੍ਹਾਂ ਦੇ ਡਾਕਟਰ ਨੈਚੂਰਲੀ ਉਨ੍ਹਾਂ ਦੀਆਂ ਅੱਖਾਂ ਨੂੰ ਲੈ ਕੇ ਸਟੋਰ ਕਰ ਦਿੰਦੇ ਹਨ ਤੇ ਇਕ ਸਾਲ ਤਾਂ ਪੁਨਰ-ਜੋਤ ਕੋਲੋਂ ਬਿਲਕੁਲ ਬ੍ਰੈਂਡ ਨਿਊ 9 ਅੱਖਾਂ ਲੈ ਕੇ ਪਾਈਆਂ ਗਈਆਂ ਸਨ।



> ਵੇਖਿਆ ਲੋਹਾ ਤਰਦਿਆਂ, ਉਹ ਗਲ਼ੇ ਲੱਗਿਆ ਜਦ ਕਾਠ
> ਵੰਡ ਕੇ ਮੁਸਕਾਨ ਗ਼ਰੀਬ ਨੂੰ, ਅਮੀਰ ਹੋਏ ਸੁੱਖੀ ਬਾਠ!
>
> - ਐਸ਼



# ਪ੍ਰੇਰਣਾ ਕਿਥੋਂ ਮਿਲੀ ?


## ਪ੍ਰੇਰਣਾ ਕਿੱਥੋਂ ਮਿਲੀ?



ਸੁੱਖੀ ਬਾਠ ਜੀ ਕਹਿੰਦੇ ਹਨ ਕਿ ਉਨਾਂ ਦੇ ਪਿਤਾ ਜੀ ਨੂੰ ਕਾਫ਼ੀ ਜੱਦੋ-ਜਹਿਦ ਕਰਨੀ ਪੈਂਦੀ ਸੀ ਕਿਉਂਕਿ ਪਰਿਵਾਰ ਵੱਡਾ ਸੀ ਤੇ ਉਸ ਦੇ ਮਾਤਾ ਜੀ ਬੜੇ ਧਰਮੀ ਸਨ ਜਿਸ ਕਰਕੇ ਉਹ ਆਪ ਨੂੰ ਬੜਾ ਕਰਮਾ ਵਾਲਾ ਸਮਝਦਾ ਹੈ। ਆਪਣੇ ਮਾਤਾ ਜੀ ਦੀ ਸਿਖਾਈ ਇਕ-ਇਕ ਗੱਲ ਨੂੰ ਉਸ ਨੇ ਆਪਣੀ ਜ਼ਿੰਦਗੀ ਦੇ ਵਿਚ ਲਿਆਂਦਾ, ਉਨ੍ਹਾਂ ਦੀ ਹਰ ਗੱਲ ਮੁਤਾਬਕ ਆਪਣੇ ਆਪ ਨੂੰ ਢਾਲ਼ਿਆ।

ਉਹ ਕਹਿੰਦਾ ਹੈ ਕਿ ਉਨ੍ਹਾਂ ਦੀਆਂ ਸਿਖਾਈਆਂ ਗੱਲਾਂ ਕਰਕੇ ਹੀ ਉਸ ਨੇ ਇੰਨਾ ਕੁਛ ਖੱਟਿਆ-ਕਮਾਇਆ ਹੈ। ਸੁੱਖੀ ਬਾਠ ਕਈ ਵਾਰ ਯਾਦ ਕਰਦਾ ਹੈ ਕਿ ਛੋਟੀ ਉਮਰ ਵਿਚ ਉਸ ਦੇ ਮਾਤਾ ਜੀ ਕਹਿੰਦੇ ਹੁੰਦੇ ਸਨ ਕਿ ਪੁੱਤਰ ਮੈਂ ਤੈਨੂੰ ਪਿਆਰ ਕਰਨਾ ਸਿਖਾਉਣਾ ਚਾਹੁੰਦੀ ਹਾਂ, ਜਦੋਂ ਸੁੱਖੀ ਬਾਠ ਥੋੜ੍ਹਾ ਜਿਹਾ ਵੱਡਾ ਹੋਇਆ, ਤਾਂ ਉਨ੍ਹਾਂ ਨੇ ਸੁੱਖੀ ਬਾਠ ਨੂੰ ਕਿਹਾ ਕਿ ਪਿਆਰ ਤਾਂ ਤੈਨੂੰ ਕਰਨਾ ਆ ਗਿਆ, ਤੇ ਹੁਣ ਮੈਂ ਤੈਨੂੰ ਬਿਨਾਂ ਸ਼ਰਤ ਵਾਲਾ ਪਿਆਰ ਕਰਨਾ ਸਿਖਾਉਣਾ ਹੈ। ਫਿਰ ਜਦੋਂ ਉਹ ਕਾਲਜ ਜਾਣ ਲੱਗਾ, ਤਾਂ ਮਾਤਾ ਜੀ ਕਹਿਣ ਲੱਗੇ ਕਿ ਤੂੰ ਪਿਆਰ ਵੀ ਕਰਦਾ ਹੈਂ ਤੇ ਬਿਨਾਂ ਸ਼ਰਤ ਕਰਦਾ ਹੈਂ, ਹੁਣ ਮੈਂ ਤੈਨੂੰ ਸੱਚੇ ਦਿਲੋਂ ਪਿਆਰ ਕਰਨਾ ਸਿਖਾਉਣਾ ਹੈ। ਸੁੱਖੀ ਬਾਠ ਦੀ ਜ਼ਿੰਦਗੀ ਵਿਚ ਉਨ੍ਹਾਂ ਦੇ ਮਾਤਾ ਜੀ ਦੀ ਅਮਿੱਟ ਛਾਪ ਹੈ। ਖ਼ਾਸ ਕਰਕੇ ਪੁੰਨ-ਦਾਨ ਦਾ ਗੁਣ ਉਸ ਅੰਦਰ ਆਪਣੇ ਮਾਤਾ ਜੀ ਤੋਂ ਹੀ ਆਇਆ ਸੀ। ਉਹ ਦੱਸਦਾ ਹੈ ਕਿ ਜਦੋਂ ਉਹ ਬਹੁਤ ਛੋਟੇ ਹੁੰਦੇ ਸੀ ਅਤੇ ਜਦੋਂ ਪਰਿਵਾਰ ਵਿਚ ਹੁੰਦੀ, ਬੇਸ਼ੱਕ ਇਕ ਰੋਟੀ ਦੀ ਗੱਲ ਹੀ ਹੁੰਦੀ ਸੀ ਉਹ ਰੋਟੀ ਜਾਂ ਤਾਂ ਕਿਸੇ ਗ਼ਰੀਬ ਨੂੰ ਜਾਂ

# ਪ੍ਰੇਰਣਾ ਕਿੱਥੋਂ ਮਿਲੀ?




"ਪਿਆਰ ਕਰਨਾ, ਬਿਨਾਂ ਸ਼ਰਤ ਕਰਨਾ ਅਤੇ ਦਿਲ ਤੋਂ ਕਰਨਾ,
ਸ਼ਖ਼ਸੀਅਤ ਦੇ ਵਿਕਾਸ ਦੇ ਤਿੰਨ ਮੀਲ ਪੱਥਰ, ਵਿਸ਼ੇਸ਼...
ਮਨੁੱਖਤਾ ਦੀ ਸੇਵਾ ਕਰਨ ਦੀ ਮੰਜ਼ਿਲ ਦਿਖਾਉਂਦੇ
ਮੇਰੀ ਪਿਆਰੀ ਸਵਰਗੀ ਮਾਂ ਦਾ ਸੀ, ਸੰਦੇਸ਼..."

- ਸੁਖੀ ਬਾਠ



ਗਵਾਂਢੀ ਨੂੰ ਦੇ ਦਿੰਦੇ ਸਨ. ਮਾਤਾ ਜੀ ਦਾ ਕਹਿਣਾ ਹੁੰਦਾ ਸੀ ਕਿ ਜਦੋਂ ਵੀ ਦਾਨ ਕਰਨਾ, ਹੱਥੀਂ ਕਰਨਾ ਹੈ। ਇਸ ਤਰ੍ਹਾਂ ਇਹ ਪੁੰਨ-ਦਾਨ ਦੀ ਸਦਭਾਵਨਾ ਉਸ ਨੂੰ ਮਾਤਾ ਜੀ ਕੋਲੋਂ ਵਿਰਾਸਤ ਵਿਚ ਮਿਲੀ ਹੈ।



# ਸੁੱਖੀ ਬਾਠ ਦੀ ਸਿਰਜਣਾਤਮਕ ਸੋਚ



ਸੁੱਖੀ ਬਾਠ ਸਿੱਧੇ ਅਤੇ ਬਹੁਤ ਹੀ ਸਰਲ ਸ਼ਬਦਾਂ ਵਿਚ ਕਹਿੰਦਾ ਹੈ ਕਿ ਖ਼ੁਸ਼ੀਆਂ ਬੀਜੋਗੇ, ਤਾਂ ਹਾਸੇ ਉੱਗਣਗੇ। ਜਿੱਤਣ ਲਈ ਤਾਂ ਹਰ ਕੋਈ ਜੀਉਂਦਾ, ਉਹ ਰੱਬ ਦਾ ਵਾਸਤਾ ਦਿੰਦਾ ਹੋਇਆ ਕਹਿੰਦਾ ਹੈ ਕਿ ਆਪਣੀਆਂ ਜ਼ਿੰਦਗੀਆਂ ਖ਼ਰਾਬ ਨਾ ਕਰੋ, ਇਕ-ਦੂਜੇ ਨਾਲ ਖਹਿਬਾਜ਼ੀਆਂ, ਧੜੇਬਾਜ਼ੀਆਂ, ਈਰਖਾਬਾਜ਼ੀਆਂ ਕਰਨ ਤੋਂ ਬਚੋ। ਰੱਬ ਨੇ ਸਾਨੂੰ, ਵਾਹਿਗੁਰੂ ਨੇ, ਅੱਲ੍ਹਾ ਤਾਲਾ ਨੇ ਸਾਨੂੰ ਬੜਾ ਵਧੀਆ ਜੀਵਨ ਦਿੱਤਾ ਹੈ, ਸੁਖੀ ਬਾਠ ਕਹਿੰਦਾ ਹੈ ਕਿ ਆਪਣੇ ਆਪ ਨੂੰ ਸ਼ੀਸ਼ੇ ਮੋਹਰੇ ਖੜ੍ਹਾ ਕਰ ਕੇ ਇਕ ਸਵਾਲ ਤਾਂ ਕਰ ਕੇ ਦੇਖੋ, ਭਈ ਕਿੰਨੇ ਕੁ ਜਣੇ ਜੀ ਰਹੇ ਨੇ ਅੱਜ? ਸਭ ਦਾ ਸਭ ਦਿਖਾਵਾ ਹੀ ਹੈ।

ਕੀ ਹੋਇਆ ਜੇ ਸਾਡੇ ਦੋਸਤ ਕੋਲ 4 ਮੰਜ਼ਲੀ ਕੋਠੀ ਹੈ, ਜੇ ਸਾਡੇ ਕੋਲ ਇਕ ਮੰਜ਼ਲੀ ਹੈ ਤੇ ਅਸੀਂ ਇਸ ਇਕ ਮੰਜਲੀ ਨੂੰ ਸਾਂਭਣ ਦੀ ਤਾਕਤ ਰੱਖਦੇ ਹਾਂ, ਤਾਂ ਸਾਡੇ ਚਿਹਰੇ 'ਤੇ ਰੌਣਕ ਜ਼ਿਆਦਾ ਰਹੇਗੀ ਤੇ ਅਸੀਂ ਵਧੀਆ ਨੀਂਦ ਲਵਾਂਗੇ।

ਵਿਆਹਾਂ ਦੀ ਗੱਲ ਕਰਦੇ ਹੋਏ ਉਹ ਕਹਿੰਦਾ ਹੈ ਕਿ ਲੋਕ ਵਿਆਹ ਕਰਦੇ ਹਨ ਤੇ 15 ਲੱਖ ਰੁਪਇਆ ਲੱਗ ਜਾਂਦਾ ਏ, ਇਹ 15 ਲੱਖ ਆਇਆ ਕਿੱਥੋਂ? ਆੜਤੀਏ ਤੋਂ ਲਿਆ ਜਾਂ ਬੈਂਕ ਤੋਂ ਲਿਆ। ਉਹ ਕਹਿੰਦਾ ਹੈ ਕਿ ਅਸੀਂ 15 ਲੱਖ ਰੁਪਇਆ ਇਸ ਤਰ੍ਹਾਂ ਨਾ ਖ਼ਰਚੀਏ, ਜਿੱਦਾਂ ਪਹਿਲਾਂ ਬੱਚਿਆਂ ਦੀ ਗੱਲ ਕੀਤੀ ਸੀ ਕਿ ਉਸ ਦਾ ਮੰਨਣਾ ਹੈ ਕਿ ਸਾਡੇ ਇੱਥੇ ਪੰਜਾਬ ਵਿਚ ਇੰਨੇ ਸੋਹਣੇ ਬੱਚੇ ਹਨ, ਇੰਡੀਆ



ਵਿਚ ਵਧੀਆ ਪੜ੍ਹਾਈ-ਲਿਖਾਈ ਕੀਤੀ ਹੈ। ਜੇ 30 ਲੱਖ ਰੁਪਇਆ ਉਸ ਦੀ ਜੇਬ ਵਿਚ ਹੈ, ਤਾਂ ਸੁੱਖੀ ਬਾਠ ਦਾ ਦਾਅਵਾ ਹੈ ਕਿ ਉਹ ਬੱਚਾ ਇੱਥੇ ਵੀ ਕਾਮਯਾਬ ਹੋ ਸਕਦਾ ਹੈ। ਅਸੀਂ ਸ਼ਾਇਦ ਸੋਚੀਏ ਕਿ ਸੁੱਖੀ ਬਾਠ ਕੋਲ ਇਹ ਸਭ ਕੰਮ ਕਰਨ ਲਈ ਸਮਾਂ ਅਤੇ ਤਾਕਤ ਕਿੱਥੋਂ ਆਉਂਦੀ ਹੈ? ਸੁੱਖੀ ਬਾਠ ਦਾ ਕਹਿਣਾ ਹੈ ਕਿ ਅਸੀਂ ਕਈ ਵਾਰੀ ਇੰਨੇ ਬਿਜ਼ੀ ਹੁੰਦੇ ਨਹੀਂ, ਜਿੰਨੇ ਅਸੀਂ ਖ਼ੁਦ ਨੂੰ ਸਮਝਦੇ ਹਾਂ, ਉਸ ਦੀ ਸੋਚ ਇਹ ਹੈ ਕਿ ਜੇ ਤੁਹਾਡਾ ਲਗਾਅ ਹੈ, ਤੁਹਾਡਾ ਦਿਲ ਕਹਿੰਦਾ ਹੈ ਕਿ ਮੈਂ ਕੁਝ ਕਰਨਾ ਹੈ, ਤਾਂ ਉਹਦੇ ਲਈ ਟਾਈਮ ਨਿਕਲ ਹੀ ਜਾਂਦਾ ਹੈ ਤੇ ਜੇ ਅਸੀਂ ਦਿਲੋਂ ਕੁਝ ਕਰਨਾ ਚਾਹੁੰਦੇ ਹਾਂ, ਤਾਂ ਪਰਮਾਤਮਾ ਸਾਡੇ ਸਹਾਈ ਹੋ ਜਾਂਦਾ ਹੈ।

ਉਹ ਕਹਿੰਦਾ ਹੈ ਕਿ ਉਸ ਨੂੰ ਤਾਂ ਲੱਗਦਾ ਕਿ ਉਹ ਬਿਜ਼ੀ ਹੁੰਦਾ ਹੀ ਨਹੀਂ ਹੈ, ਉਸ ਦਾ ਮੰਨਣਾ ਹੈ ਕਿ ਰੱਬ ਵੱਲੋਂ ਕੋਈ ਐਸਾ ਸਿਸਟਮ ਬਣਿਆ ਹੋਇਆ ਹੈ ਕਿ ਸਭ ਕੁਝ ਹੋਈ ਜਾਂਦਾ, ਬੱਚੇ ਜਵਾਨ ਹੋ ਗਏ, ਬਰਾਬਰ ਦੇ ਹੋ ਗਏ ਹਨ ਤੇ ਕੁਝ ਕੰਮ ਹੀ ਇਹੋ ਜਿਹੇ ਹਨ ਕਿ ਨਾ ਰਾਤ, ਨਾ ਦਿਨ, ਇੱਦਾਂ ਜੀ ਕਰਦਾ ਕਿ ਇਹ ਕੰਮ ਕਰੀ ਜਾਓ, ਜੇ ਤੁਹਾਨੂੰ ਕੋਈ ਲੋੜਵੰਦ ਮਿਲ ਜਾਂਦਾ ਹੈ, ਕੋਈ ਬੀਮਾਰ ਹੈ, ਤਾਂ ਫਿਰ ਰਾਤ ਨੂੰ ਤੁਸੀਂ ਸੌਂ ਨਹੀਂ ਸਕਦੇ ਤੇ ਸੌਣ ਨਾਲੋਂ ਚੰਗਾ ਹੈ ਕਿ ਤੁਸੀਂ ਉਸ ਕੰਮ 'ਤੇ ਹੀ ਪਹੁੰਚ ਜਾਓ, ਉਹ ਕੰਮ ਕਰ ਲਓ, ਉਸ ਨੂੰ ਮੁਕੰਮਲ ਕਰ ਲਓ। ਸੁੱਖੀ ਬਾਠ ਕਹਿੰਦਾ ਹੈ ਕਿ 16 ਸਾਲ ਪਹਿਲਾਂ ਭਾਵੇਂ ਉਹ ਛੋਟੇ ਲੈਵਲ 'ਤੇ ਸੀ ਅਤੇ ਉਸ ਨੇ ਖ਼ੁਦ ਵੀ




ਗ਼ਰੀਬੀ ਨੂੰ ਬੜੇ ਨਜ਼ਦੀਕ ਤੋਂ ਦੇਖਿਆ ਹੈ ਕਿਉਂਕਿ ਉਹ ਆਪ ਗ਼ਰੀਬ ਪਰਿਵਾਰ ਵਿੱਚ ਪੈਦਾ ਹੋਇਆ ਹੈ ਤੇ ਅਕਸਰ ਕਹਿੰਦਾ ਹੈ ਕਿ ਜੇ ਕਿਸੇ ਨੇ ਗ਼ਰੀਬੀ ਦੇਖਣੀ ਹੈ, ਤਾਂ ਉਹ ਉਸ ਘਰ ਚਲਾ ਜਾਵੇ ਜਿਸ ਘਰ ਵਿਚ ਜਵਾਨ ਧੀ ਹੈ ਤੇ ਉਨ੍ਹਾਂ ਦੀ ਜੇਬ ਵਿਚ ਕੋਈ ਪੈਸਾ ਨਹੀਂ ਹੈਗਾ, ਗ਼ਰੀਬੀ ਤਾਂ ਉਨ੍ਹਾਂ ਨੂੰ ਪੁੱਛੀ ਜਾ ਸਕਦੀ ਹੈ, ਗ਼ਰੀਬੀ ਹੋਰ ਵੀ ਨੇੜੇ ਹੋ ਕੇ ਕਿਸੇ ਨੇ ਦੇਖਣੀ ਹੈ, ਤਾਂ ਕਿਸੇ ਮਾਤਾ ਨੂੰ, ਕਿਸੇ ਬਜ਼ੁਰਗ ਨੂੰ ਦੇਖੋ ਜਿਹਦੇ ਗੋਡੇ ਨਹੀਂ ਚੱਲਦੇ, ਜਿਹਨੂੰ ਅੱਖਾਂ ਤੋਂ ਨਹੀਂ ਦਿੱਸਦਾ, ਉਹਨੂੰ ਬਲੱਡ ਪ੍ਰੈਸ਼ਰ ਰਹਿੰਦਾ ਹੈ, ਉਹਨੂੰ ਸ਼ੂਗਰ ਦੀ ਸ਼ਿਕਾਇਤ ਹੈ ਤੇ ਉਸ ਨੂੰ ਸਾਂਭਣ ਵਾਲਾ ਕੋਈ ਨਹੀਂ, ਉਹ ਦੀ ਮੰਜੀ ਕਿਸੇ ਗਲੀ ਦੇ ਵਿਚ ਪਈ ਰਹਿੰਦੀ ਹੈ ਤੇ ਉਸ ਨੂੰ ਰੋਟੀ ਦੇਣ ਵਾਲਾ ਵੀ ਕੋਈ ਨਹੀਂ ਹੁੰਦਾ।

ਉਹ ਅਕਸਰ ਕਹਿੰਦਾ ਹੁੰਦਾ ਹੈ ਕਿ 12 ਮਹੀਨਿਆਂ ਦੇ ਵਿਚ ਜਿਹੜਾ ਫਰਵਰੀ ਮਹੀਨਾ ਹੈ ਉਹ ਉਸ ਦਾ ਮਨਪਸੰਦ ਮਹੀਨਾ ਹੈ ਕਿਉਂਕਿ ਇਸ ਮਹੀਨੇ ਉਹ ਲੋਕਾਂ ਦੀ ਭਲਾਈ ਲਈ ਕੈਂਪਾਂ ਵਿਚ ਹੁੰਦਾ ਹੈ, ਦਿਨ ਨੂੰ ਅੱਖਾਂ ਚੈੱਕ ਹੁੰਦੀਆਂ ਨੇ, ਰਾਤ ਨੂੰ ਓਪਰੇਸ਼ਨ ਹੁੰਦੇ ਹਨ, ਪਰ ਜਦੋਂ ਉਹ ਰਾਤ ਨੂੰ ਉਨ੍ਹਾਂ ਮਰੀਜ਼ਾਂ ਕੋਲ ਬਹਿੰਦਾ ਹੈ, ਮਾਵਾਂ ਦੇ ਕੋਲ ਬਹਿੰਦਾ ਹੈ, ਬਜ਼ੁਰਗਾਂ ਕੋਲ ਬਹਿੰਦਾ ਹੈ, ਉਨ੍ਹਾਂ ਨੂੰ ਹੱਥੀਂ ਚੁੱਕ ਕੇ ਲਿਜਾ ਕੇ ਵਾਸ਼ਰੂਮ ਲਿਜਾਂਦਾ ਹੈ, ਹੱਥੀਂ ਖੁਆਉਂਦਾ ਹੈ, ਇਹ ਕੰਮ ਕਰ ਕੇ ਉਸ ਨੂੰ ਬਹੁਤ ਸਕੂਨ ਮਹਿਸੂਸ ਹੁੰਦਾ ਹੈ। ਉਸ ਦਾ ਦਾਅਵਾ ਹੈ ਕਿ ਇਕ ਭਲੇ ਦੀ ਗੱਲ ਕਰ ਕੇ ਤਾਂ ਦੇਖੋਂ, ਜਿਹੜੀਆਂ ਬਜ਼ੁਰਗਾਂ ਦੀਆਂ ਅਸੀਸਾਂ ਹਨ, ਉਹ

ਸਾਹਿਤਕਾਰ ਹਨ ਮੈਨੂੰ ਬੜੇ ਪਿਆਰੇ
ਸਮਾਜ ਸੇਵਕਾਂ ਤੋਂ ਜਾਂਦਾ ਬਲਿਹਾਰੇ
ਬਜ਼ੁਰਗਾਂ ਲਈ ਲੋਚਾਂ ਨਿੱਤ ਸਹਾਰੇ
ਜ਼ਰੂਰਤਮੰਦ ਮੇਰੀਆਂ ਅੱਖਾਂ ਦੇ ਤਾਰੇ
ਮਾਂ ਬੋਲੀ ਤੋਂ ਮੈਂ ਜਾਵਾਂ ਵਾਰੇ ਵਾਰੇ...
ਮੇਰੇ ਸੱਭਿਆਚਾਰ ਦੇ ਰੰਗ ਨਿਆਰੇ

- ਸੁੱਖੀ ਬਾਠ





ਕਹਿੰਦਾ ਕਿ ਉਹ ਤਾਂ ਉਨ੍ਹਾਂ ਅਸੀਸਾਂ ਦਾ ਹੀ ਖੱਟਿਆ ਖਾ ਰਿਹਾ ਹੈ, ਉਨ੍ਹਾਂ ਕੋਲ ਬਹਿ ਕੇ ਉਨ੍ਹਾਂ ਦਾ ਦਵਾ-ਦਾਰੂ ਕਰਨਾ, ਉਨ੍ਹਾਂ ਦਾ ਦੁਖੜਾ ਸੁਣਨਾ, ਇਹ ਵੀ ਇਕ ਤਰ੍ਹਾਂ ਦਾ ਇਲਾਜ ਹੀ ਹੈ। ਇਸ ਲਈ ਉਹ ਕਹਿੰਦਾ ਹੈ ਕਿ ਸਾਨੂੰ ਤਾਕਤ ਦੀ ਘਾਟ ਨਹੀਂ ਪੈਂਦੀ ਜੇ ਸਾਡਾ ਲਗਾਅ ਇੱਦਾਂ ਦਾ ਹੈ। ਅਸੀਂ ਸ਼ਾਇਦ ਸੋਚੀਏ ਕਿ ਸੁੱਖੀ ਬਾਠ ਇੰਨੇ ਸਾਰੇ ਸਮਾਜ ਸੇਵਾ ਦੇ ਕੰਮ ਕਰਦਾ ਹੈ, ਤਾਂ ਫਿਰ ਉਸ ਕੋਲ ਇੰਨਾ ਪੈਸਾ ਕਿੱਥੋਂ ਆਉਂਦਾ ਹੈ? ਕੀ ਉਹ ਕਿਸੇ ਕੋਲੋਂ ਪੈਸੇ ਇਕੱਠੇ ਕਰ ਕੇ ਲੋਕਾਂ ਦਾ ਭਲਾ ਕਰਦਾ ਹੈ? ਸੱਚਾਈ ਇਹ ਹੈ ਕਿ ਸੁੱਖੀ ਬਾਠ ਡੋਨੇਸ਼ਨ ਜਾਂ ਦਾਨ ਇਕੱਠਾ ਕਰਨ ਦੇ ਕਦੇ ਹੱਕ ਵਿਚ ਨਹੀਂ ਹੋਇਆ। ਇਕ ਮਹੀਨਾ ਅਜਿਹਾ ਸੀ ਜਿਸ ਵਿਚ ਉਸ ਨੇ ਭਲਾਈ ਦੇ ਕੰਮਾਂ ਲਈ ਡੇਢ ਕਰੋੜ ਦਾ ਬਜਟ ਬਣਾਇਆ, ਪਰ ਇਕ ਵੀ ਨਵਾਂ ਪੈਸਾ ਕਿਸੇ ਕੋਲੋਂ ਨਹੀਂ ਲਿਆ। ਕਿਉਂ? ਉਸ ਦਾ ਕਹਿਣਾ ਹੈ ਕਿ ਉਸ ਦੇ ਪੰਜ ਬਿਜ਼ਨਿਸ ਅਦਾਰੇ ਹਨ ਅਤੇ ਉਹ ਉਨ੍ਹਾਂ ਦੇ ਹਿੱਸੇ ਪਾ ਦਿੰਦਾ ਹੈ ਕਿ ਆਪਣਾ-ਆਪਣਾ ਹਿੱਸਾ ਕੱਢ ਕੇ ਪੈਸੇ ਜਮ੍ਹਾ ਕਰਾ ਦਿਓ ਤੇ ਆਪਾਂ ਭਲੇ ਦੇ ਕੰਮ ਕਰਨੇ ਹਨ। ਉਸ ਦੀ ਸੋਚ ਹੈ ਕਿ ਸਾਨੂੰ ਜੀਉਣ ਵਾਸਤੇ, ਆਪਣੇ ਲਈ ਜ਼ਿਆਦਾ ਪੈਸਿਆਂ ਦੀ ਲੋੜ ਨਹੀਂ ਹੈ ਜੇ ਰੱਬ ਨੇ ਕਾਫ਼ੀ ਦਿੱਤਾ ਹੈ ਤਾਂ ਇਹਦੇ ਵਿੱਚੋਂ 10-20 ਪ੍ਰਤਿਸ਼ਤ ਚੰਗੇ ਕੰਮਾਂ ਤੇ ਲੱਗ ਜਾਣ, ਜਿਹਦੇ ਨਾਲ ਤੁਹਾਨੂੰ ਮਨ ਦੀ ਸ਼ਾਂਤੀ ਬੜੀ ਮਿਲਦੀ ਹੈ ਤੇ ਉਸ ਦਾ ਖ਼ਿਆਲ ਹੈ ਕਿ ਬੈਂਕ ਵਿਚ ਰੱਖ ਕੇ ਜੇ ਤੁਹਾਡਾ ਮਨ ਸ਼ਾਂਤ ਨਹੀਂ, ਤਾਂ ਉਹਦਾ ਵੀ ਕੀ ਫ਼ਾਇਦਾ? ਤੇ ਜੇ ਉਹ ਪੈਸੇ ਲਾ ਕੇ ਤੁਹਾਨੂੰ ਸ਼ਾਂਤੀ



ਮਿਲਦੀ ਹੈ, ਤਾਂ ਉਹ ਇਸ ਪੈਸੇ ਨੂੰ ਦਾਨ-ਪੁੰਨ ਵਿਚ ਲਗਾਉਣਾ ਪਸੰਦ ਕਰੇਗਾ। ਸੁੱਖੀ ਬਾਠ ਨੇ 15-16 ਹਜ਼ਾਰ ਦੀ ਵਰਤੋਂ ਕਰ ਕੇ ਸਮਾਜ ਸੇਵਾ ਦੀ ਇਕ ਛੋਟੀ ਸ਼ੁਰੂਆਤ ਕੀਤੀ ਸੀ ਅਤੇ ਹੱਥੀਂ ਕੀਤੀ ਸੀ, ਉਹਦੇ ਵਿਚ ਉਸ ਨੂੰ ਇੰਨਾ ਕੁ ਲੁਤਫ਼ ਆਇਆ, ਇੰਨਾ ਕੁ ਮਜ਼ਾ ਆਇਆ ਕਿ ਉਸ ਦਾ ਦਿਲ ਕੀਤਾ ਕਿ ਉਹ ਹਰ ਸਾਲ ਹੋਰ ਵੱਧ ਤੋਂ ਵੱਧ ਕਰੇ। ਸੁੱਖੀ ਬਾਠ ਮੁਤਾਬਕ ਸੇਵਾ ਇਕ ਅਡਿਕਸ਼ਨ ਜਾਂ ਇਕ ਆਦਤ ਹੈ, ਜਦੋਂ ਤੁਸੀਂ ਕਿਸੇ ਚੀਜ਼ ਦੇ ਅਡਿਕਟਿਵ ਜਾਂ ਆਦੀ ਹੋ ਜਾਂਦੇ ਹੋ, ਫਿਰ ਤੁਹਾਡੇ ਲਈ ਉਹ ਨਸ਼ੇ ਛੱਡਣੇ ਔਖੇ ਹਨ, ਤੇ ਸੁੱਖੀ ਬਾਠ ਆਪਣੇ ਆਪ ਨੂੰ ਬੜਾ ਹੀ ਕਰਮਾਂ ਵਾਲਾ ਸਮਝਦਾ ਹੈ, ਉਸ ਨੂੰ ਅਹਿਸਾਸ ਹੈ ਕਿ ਬੜੀਆਂ ਹੀ ਰਹਿਮਤਾਂ ਉੱਪਰ ਵਾਲੇ ਦੀਆਂ ਹੋਈਆਂ ਹਨ ਕਿ ਉਸ ਨੂੰ ਇਕ ਬੜੀ ਵਧੀਆ ਅਡਿਕਸ਼ਨ ਲੱਗੀ ਹੈ ਤੇ ਇਸ ਗੱਲ ਲਈ ਉਹ ਉੱਪਰ ਵਾਲੇ ਦਾ ਬਹੁਤ ਦੇਣਦਾਰ ਹੈ। ਸੁੱਖੀ ਬਾਠ ਕਦੇ ਚੰਗੇ-ਮਾੜੇ ਵਿਚ ਬਹੁਤਾ ਨਹੀਂ ਗਿਆ, ਬਈ ਚੰਗਾ ਕੌਣ ਹੈ ਤੇ ਮਾੜਾ ਕੌਣ ਹੈ, ਉਸ ਦੀ ਸੋਚ ਹਮੇਸ਼ਾ ਇਹੀ ਰਹੀ ਹੈ ਕਿ ਆਪੋ ਆਪਣੀ ਜਗ੍ਹਾ ਰਹਿ ਕੇ ਕੰਮ ਕਰੀ ਜਾਓ, ਹਿੰਮਤ ਕਰੀ ਜਾਓ। ਸੁੱਖੀ ਬਾਠ ਦਾ ਕਹਿਣਾ ਹੈ ਕਿ ਜੇ ਤੁਸੀਂ ਕੋਈ ਪੁੰਨ-ਦਾਨ ਦਾ ਕੰਮ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਆਪਣੇ ਹੱਥੀਂ ਕਰੋ ਅਤੇ ਬਹੁਤ ਛੋਟੇ ਤੋਂ ਛੋਟੇ ਲੈਵਲ ਤੋਂ ਵੀ ਤੁਸੀਂ ਕਰ ਸਕਦੇ ਹੋ, ਜਿਹੜੀ ਕਿ 100-200 ਰੁਪਏ ਦੀ ਗੱਲ ਹੈ, ਪਰ ਕਰੋ ਹੱਥੀਂ, ਕਿਉਂਕਿ ਸਿਆਣੇ ਕਹਿੰਦੇ ਹਨ ਕਿ ਪੁੰਨ-ਦਾਨ ਹੁੰਦਾ ਹੀ ਹੱਥਾਂ ਨਾਲ ਹੈ, ਉਸ ਦਾ ਖ਼ਿਆਲ ਹੈ ਕਿ ਉੱਪਰ ਵਾਲਾ ਸਾਡੇ ਸਾਰਿਆਂ 'ਤੇ ਬਹੁਤ ਅਪਾਰ ਕਿਰਪਾ ਕਰੇਗਾ।



ਸੁੱਖੀ ਬਾਠ ਦਾ ਕਹਿਣਾ ਹੈ ਕਿ ਇਹ ਮਨੁੱਖੀ ਸੁਭਾਅ ਹੈ ਕਿ ਜੇ ਤੁਸੀਂ ਜ਼ਿੰਦਗੀ ਵਿਚ ਕੁਝ ਵੀ ਕਰਨਾ ਚਾਹੁੰਦੇ ਹੋ, ਬਿਜ਼ਨਿਸ ਕਰਨਾ ਚਾਹੁੰਦੇ ਹੋ, ਤੁਹਾਨੂੰ ਈਮਾਨਦਾਰ ਹੋਣਾ ਬਹੁਤ ਜ਼ਰੂਰੀ ਹੈ, ਦੂਸਰਾ ਇਕ ਮੁਹੱਬਤ ਵਾਲੀ ਗੱਲ ਜਿਹੜੀ ਹੈ, ਉਸ ਦਾ ਤਾਂ ਉਸ ਨੂੰ ਜ਼ਾਤੀ ਤਜਰਬਾ ਹੈ, ਉਸ ਨੇ ਖ਼ੁਦ ਕਰ ਕੇ ਦੇਖੀ ਹੈ ਅਤੇ ਕਰ ਰਿਹਾ ਹੈ, ਉਹ ਸਾਨੂੰ ਸਾਰਿਆਂ ਨੂੰ ਬੇਨਤੀ ਕਰਦਾ ਹੈ ਕਿ ਅਸੀਂ ਮੁਹੱਬਤ ਕਰੀਏ, ਆਪਣੇ ਆਲੇ ਦੁਆਲੇ ਨਾਲ ਮੁਹੱਬਤ ਕਰੀਏ, ਆਪਣੇ ਗੁਆਂਢੀਆਂ ਨਾਲ ਮੁਹੱਬਤ ਕਰੀਏ, ਸਾਰੀ ਦੁਨੀਆਂ ਨਾਲ ਮੁਹੱਬਤ ਕਰੀਏ, ਜਿਹੜਾ ਵੀ ਮਿਲਦਾ ਹੈ ਉਸ ਨਾਲ ਮੁਹੱਬਤ ਕਰੀਏ, ਉਹ ਕਹਿੰਦਾ ਹੈ ਕਿ ਮੁਹੱਬਤ ਨੂੰ ਬਿਨਾਂ ਕਿਸੇ ਸ਼ਰਤ ਤੋਂ ਯਾਨੀ ਅਨਕੰਨਡੀਸ਼ਨਲ ਮੁਹੱਬਤ ਨੂੰ ਵੰਡੋ ਤੇ ਸੱਚੇ ਦਿਲੋਂ ਕਰੋ ਤੇ ਜਦੋਂ ਤੁਸੀਂ ਉਸ ਅਵਸਥਾ ਵਿਚ ਚਲੇ ਜਾਂਦੇ ਹੋ, ਤਾਂ ਤੁਸੀਂ ਖ਼ੁਸ਼ੀ ਲਿਆਉਣ ਦੀ ਕੋਸ਼ਿਸ਼ ਕਰਦੇ ਹੋ। ਉਹ ਇਸ ਨੂੰ ਪੱਕੀ ਤਰ੍ਹਾਂ ਮੰਨਦਾ ਹੈ ਕਿ ਤੁਸੀਂ ਖ਼ੁਸ਼ੀ ਨੂੰ ਟਾਲ਼ ਨਹੀਂ ਸਕਦੇ। ਇਹ ਅੱਜ ਦੇ ਵਿਚ ਹੀ ਹੋਣੀ ਚਾਹੀਦੀ ਹੈ, ਵਰਤਮਾਨ ਦੇ ਵਿਚ ਹੀ ਹੋਣੀ ਚਾਹੀਦੀ ਹੈ ਤੇ ਵਰਤਮਾਨ ਦੇ ਵਿਚ ਖ਼ੁਸ਼ੀ ਨੂੰ ਲੈਣਾ ਇਹ ਸਾਡੇ ਅੰਦਰ ਹੈ, ਜਿਸ ਨੂੰ ਅਸੀਂ ਬਾਹਰ ਲਿਆ ਕੇ ਉਸ ਦਾ ਮਜ਼ਾ ਲੈ ਸਕਦੇ ਹਾਂ, ਤੇ ਜੇ ਅਸੀਂ ਉਸ ਦਾ ਮਜ਼ਾ ਲੈਣਾ, ਤਾਂ ਸੁੱਖੀ ਬਾਠ ਦਾ ਕਹਿਣਾ ਹੈ ਕਿ ਮੁਹੱਬਤ ਕਰੋ, ਬੜੇ ਆਰਾਮ ਦੀ ਚੀਜ਼ ਹੈ, ਯੇ-ਵੋ ਸਾਰਾ ਕੁਝ ਛੱਡ ਕੇ ਦਸਾਂ ਨਹੁੰਆਂ ਦੀ ਕਮਾਈ ਕਰੋ ਤੇ ਆਪਣਾ ਪਰਿਵਾਰ ਪਾਲ਼ੋ। ਸੁੱਖੀ ਬਾਠ ਦਾ ਮੰਨਣਾ ਹੈ ਕਿ ਜ਼ਿੰਦਗੀ ਵਿਚ

ਪਰਵਾਰਿਕ ਏਕੇ ਵਿੱਚ ਮਜ਼ਾ ਏ
ਇਹ 'ਉਸ' ਦੀ ਹੀ ਇੱਕ ਰਜ਼ਾ ਏ
ਨੰਨ੍ਹੀਆਂ ਨੰਨ੍ਹੇ ਵੀ ਪਲ਼ ਜਾਂਦੇ ਨੇ
ਦੁੱਖ ਆਪੇ ਹੀ ਟਲ ਜਾਂਦੇ ਨੇ
ਰਸਤੇ ਤਰੱਕੀ ਦੇ ਵੀ ਖੁਲ੍ਹਦੇ ਨੇ
ਸਭ ਇਕੱਠੇ ਵਧਦੇ ਫੁੱਲਦੇ ਨੇ!

-ਸੁੱਖੀ ਬਾਠ





ਈਮਾਨਦਾਰੀ ਦਾ ਹੱਥ ਫੜ ਕੇ ਰੱਖਣਾ, ਸਖ਼ਤ ਮਿਹਨਤ ਕਰਨੀ, ਸਮਾਰਟ ਵਰਕ ਕਰਨਾ, ਰਚਨਾਤਮਕ ਹੋਣਾ ਬਹੁਤ ਜ਼ਰੂਰੀ ਹੈ। ਇਸਦੇ ਨਾਲ-ਨਾਲ ਉਸ ਦਾ ਇਹ ਵੀ ਮੰਨਣਾ ਹੈ ਕਿ ਇਨਸਾਨ ਨੂੰ ਫੀਅਰਲੈੱਸ ਯਾਨੀ ਭੈ-ਮੁਕਤ ਹੋਣਾ ਬਹੁਤ ਜ਼ਰੂਰੀ ਹੈ। ਸਾਨੂੰ ਕਿਸੇ ਚੀਜ਼ ਦਾ ਡਰ ਨਹੀਂ ਹੋਣਾ ਚਾਹੀਦਾ। ਉਸ ਦਾ ਭਾਵ ਹੈ ਕਿ ਅਸੀਂ ਐਸਾ ਕੋਈ ਕੰਮ ਨਾ ਕਰੀਏ ਜਿਹਦੇ ਵਿਚ ਕੱਲ੍ਹ ਸਾਨੂੰ ਕਿਸੇ ਤੋਂ ਡਰ ਲੱਗਣ ਲੱਗੇ। ਜਦੋਂ ਅਸੀਂ ਈਮਾਨਦਾਰੀ ਨਾਲ ਕੰਮ ਕਰਦੇ ਹਾਂ, ਤਾਂ ਅਸੀਂ ਭੈ-ਮੁਕਤ ਬਣਦੇ ਹਾਂ ਕਿਉਂਕਿ ਜਿਨ੍ਹਾਂ ਚੀਜ਼ਾਂ ਤੋਂ ਡਰਦਾ ਆਦਮੀ ਬਹੁਤਾ ਵਧਦਾ ਨਹੀਂ, ਉਨ੍ਹਾਂ ਨੂੰ ਪਹਿਲਾਂ ਹੀ ਕੰਟ੍ਰੋਲ ਵਿਚ ਕਰ ਲੈਣਾ ਚਾਹੀਦਾ ਹੈ। ਉਸ ਦਾ ਮੰਨਣਾ ਹੈ ਕਿ ਜ਼ਿੰਦਗੀ ਦੇ ਵਿਚ ਸ਼ਾਂਤੀ ਜਿਹਨੂੰ ਅਸੀਂ ਚੈਨ ਵੀ ਕਹਿੰਦੇ ਹਾਂ, ਇਸ ਨੂੰ ਹਾਸਲ ਕਰਨਾ ਸਾਡੇ ਆਪਣੇ ਹੱਥ-ਵੱਸ ਹੈ ਯਾਨੀ ਇਹ ਇਨਸਾਨ ਦੀ ਆਪਣੀ ਨਿਰਭਰਤਾ ਹੈ। ਜਿਹੜੇ ਮਨ ਦੇ ਫੁਰਨੇ ਹਨ, ਸਾਡੀਆਂ ਖ਼ਾਹਸ਼ਾਂ ਹਨ, ਸਾਡੀਆਂ ਨੀਤਾਂ ਹਨ, ਸਾਡੀਆਂ ਮੰਗਾਂ ਹਨ, ਸਾਡੀ ਭੁੱਖ ਹੈ, ਇਨ੍ਹਾਂ ਨੂੰ ਕਾਬੂ ਹੇਠ ਰੱਖਣ ਵਾਲਾ ਇਨਸਾਨ ਹੀ ਜ਼ਿੰਦਗੀ ਵਿਚ ਸਫ਼ਲ ਹੋ ਸਕਦਾ ਹੈ। ਸੁਖੀ ਬਾਠ ਜੀ ਹਮੇਸ਼ਾ ਇਸ ਫ਼ਲਸਫ਼ੇ 'ਤੇ ਚਲਦੇ ਹਨ ਕਿ ਜ਼ਿੰਦਗੀ ਵਿਚ ਸੰਤੁਲਨ ਰੱਖਣਾ ਬਹੁਤ ਜ਼ਰੂਰੀ ਹੈ। ਇਕ ਸਫ਼ਲ ਜ਼ਿੰਦਗੀ ਵਿਚ ਸਾਰਾ ਕੁਝ ਹੀ ਹੁੰਦਾ ਹੈ। ਉਹਦੇ ਵਿਚ ਪਹਿਲਾਂ ਆਪਣੇ ਆਪ ਦੀ ਜ਼ਿੰਦਗੀ ਆਉਂਦੀ ਹੈ, ਫਿਰ ਤੁਹਾਡੇ ਪਰਿਵਾਰ ਦੀ ਜ਼ਿੰਦਗੀ, ਫਿਰ ਤੁਸੀਂ ਬਿਜ਼ਨਿਸ ਲਾਈਫ਼ ਲੈਂਦੇ ਹੋ, ਫਿਰ ਤੁਸੀਂ ਸੋਸ਼ਲ



ਲਾਈਫ਼ ਲੈਂਦੇ ਹੋ, ਇਸ ਤੋਂ ਬਾਅਦ ਸਮਾਜ ਭਲਾਈ ਦੇ ਕੰਮ ਆਉਂਦੇ ਹਨ। ਉਸ ਦਾ ਪੱਕਾ ਵਿਸ਼ਵਾਸ ਹੈ ਕਿ ਇਨ੍ਹਾਂ ਨੂੰ ਬੈਲੇਂਸ ਕਰਨਾ ਇੰਨਾ ਮੁਸ਼ਕਲ ਨਹੀਂ ਹੈ, ਜਿੰਨਾ ਮੁਸ਼ਕਲ ਅਸੀਂ ਆਮ ਤੌਰ ਤੇ ਸਮਝਦੇ ਹਾਂ। ਅਸੀਂ ਸਾਰੇ ਟਾਈਮ ਮੈਨੇਜ ਕਰਨਾ ਸਿੱਖ ਸਕਦੇ ਹਾਂ। ਉਸ ਦੀ ਦਿਨਚਰਿਆ ਵੀ ਇਹੋ ਜਿਹੀ ਹੀ ਹੈ, ਸਵੇਰੇ ਵੇਲੇ ਸਿਰ ਉੱਠਣਾ, ਰੋਜ਼ਾਨਾ ਕਸਰਤ ਕਰਨੀ, ਬ੍ਰੇਕਫਾਸਟ ਕਰਨਾ, ਬੱਚਿਆਂ ਨਾਲ ਅੱਧਾ ਘੰਟਾ ਜਿੰਨਾ ਵੀ ਸਵੇਰੇ ਹੋ ਪਾਵੇ, ਉਨ੍ਹਾਂ ਨਾਲ ਬਿਤਾਉਣਾ, ਬੜੀ ਮੁਹੱਬਤ ਨਾਲ ਘਰੋਂ ਤੁਰਨਾ। ਪਰ ਜਦੋਂ ਹੀ ਤੁਸੀਂ ਦਫ਼ਤਰ ਪਹੁੰਚਦੇ ਹੋ, ਤਾਂ ਤੁਹਾਡਾ ਸਾਰਾ ਧਿਆਨ ਤੁਹਾਡੇ ਕੰਮ ’ਤੇ ਹੋਣਾ ਚਾਹੀਦਾ। ਤੁਹਾਨੂੰ ਰਚਨਾਤਮਕ ਭਾਵ ਕ੍ਰੀਏਟਿਵ ਬਣ ਜਾਣਾ ਚਾਹੀਦਾ ਅਤੇ ਆਪਣੇ ਕੰਮ ਵਿਚ ਖੁੱਭ ਕੇ ਲੱਗਣਾ ਚਾਹੀਦਾ। ਪਰ ਦਫ਼ਤਰ ਦਾ ਕੰਮ ਘਰ ਨਹੀਂ ਲਿਆਉਣਾ ਚਾਹੀਦਾ। ਜਦੋਂ ਤੁਸੀਂ ਘਰ ਹੋ, ਤਾਂ ਤੁਸੀਂ ਘਰ ਹੋ ਅਤੇ ਜਦੋਂ ਤੁਸੀਂ ਦਫ਼ਤਰ ਵਿਚ ਹੋ, ਤਾਂ ਸਾਰਾ ਕੁਝ ਕੰਮ ਸੰਬੰਧੀ ਕਰਨਾ ਹੈ। ਸੁੱਖੀ ਬਾਠ ਦਾ ਮੰਨਣਾ ਹੈ ਕਿ ਜੇ ਅਸੀਂ ਸਾਰੇ ਇਸ ਤਰ੍ਹਾਂ ਸੰਤੁਲਨ ਵਾਲੀ ਜ਼ਿੰਦਗੀ ਕੱਟੀਏ, ਤਾਂ ਅਸੀਂ ਸਾਰੇ ਸਫ਼ਲ ਹੋ ਸਕਦੇ ਹਾਂ। ਨਾਲੇ ਉਹ ਹਰ ਕੰਮ ਪ੍ਰੀ-ਪਲੈਨ ਕਰ ਕੇ ਚੱਲਦਾ ਹੈ ਯਾਨੀ ਕਾਫ਼ੀ ਸਮੇਂ ਪਹਿਲਾਂ ਹੀ ਸੋਚ ਲੈਂਦਾ ਹੈ ਕਿ ਅੱਗੇ ਚੱਲ ਕੇ ਉਸ ਨੇ ਕੀ ਕੁਝ ਕਰਨਾ ਹੈ। ਪਰਿਵਾਰਕ ਜ਼ਿੰਦਗੀ ਅਲੱਗ ਹੈ, ਬਿਜ਼ਨਿਸ ਵਾਲੀ ਜ਼ਿੰਦਗੀ ਅਲੱਗ ਹੈ। ਇਨ੍ਹਾਂ ਨੂੰ ਆਪਸ ਵਿਚ ਮਿਲਾਉਣਾ ਨਹੀਂ ਚਾਹੀਦਾ।




# ਪੰਜਾਬ-ਪ੍ਰੇਮ

## ਪੰਜਾਬ-ਪ੍ਰੇਮ



ਸੁੱਖੀ ਬਾਠ ਨੂੰ ਆਪਣੀ ਜਨਮ ਭੂਮੀ ਪੰਜਾਬ ਨਾਲ ਬੜਾ ਪਿਆਰ ਹੈ। ਉਹ ਕਹਿੰਦਾ ਹੈ ਕਿ ਬੇਸ਼ੱਕ ਬਾਹਰ ਉਹ ਵਧੀਆ ਮੁਲਕ ਵਿਚ ਰਹਿੰਦਾ ਹੈ, ਪਰ ਪਿੰਡ ਵਿਚ ਆ ਕੇ ਖੇਤਾਂ ਦੇ ਵਿਚ ਜਾਣਾ ਉਸ ਨੂੰ ਬਹੁਤ ਪਸੰਦ ਹੈ। ਪਿੰਡ ਦੀਆਂ ਗਲੀਆਂ ਦੇ ਵਿਚ ਘੁੰਮਣਾ ਉਸ ਦਾ ਇਕ ਸ਼ੌਕ ਹੈ। ਸੁੱਖੀ ਬਾਠ 6-8 ਹਫ਼ਤੇ ਬਾਅਦ ਹੀ ਕੈਨੇਡਾ ਤੋਂ ਪੰਜਾਬ ਆ ਜਾਂਦਾ ਹੈ। ਕੁਝ ਬਿਜ਼ਨਿਸ ਦੇ ਸਿਲਸਿਲੇ ਹੁੰਦੇ ਹਨ, ਕੁਝ ਉਸ ਦਾ ਸਮਾਜ-ਸੇਵਾ ਦਾ ਕੰਮ ਹੈ ਜੋ ਲਗਾਤਾਰ ਚੱਲਦਾ ਰਹਿੰਦਾ ਹੈ, ਨਾਲੇ ਉਸ ਨੇ ਅਗਾਂਹ ਬਾਰੇ ਪ੍ਰੋਗ੍ਰਾਮ ਉਲੀਕਣੇ ਹੁੰਦੇ ਹਨ ਅਤੇ ਉਨ੍ਹਾਂ ਨੂੰ ਦੇਖਣ ਲਈ ਉਸ ਨੂੰ ਪੰਜਾਬ ਆਉਣਾ ਪੈਂਦਾ ਹੈ। ਉਸ ਦਾ ਕਹਿਣਾ ਹੈ ਕਿ ਭਾਵੇਂ ਰਾਤ ਨੂੰ ਉਹ ਸੌਂਦਾ ਕੈਨੇਡਾ ਦੇ ਵਿਚ ਹੈ, ਪਰ ਹੁੰਦਾ ਉਹ ਪੰਜਾਬ ਵਿਚ ਹੀ ਹੈ।

ਸੁੱਖੀ ਬਾਠ ਨੇ ਆਪਣੀਆਂ ਯਾਦਾਂ ਨੂੰ ਆਪਣੇ ਘਰਾਂ ਦੇ ਵਿਚ ਸਾਂਭ ਕੇ ਰੱਖਿਆ ਹੈ, ਮਾਂ-ਬਾਪ ਦੇ ਪੁਰਾਣੇ ਮੰਜੇ, ਪੁਰਾਣੀਆਂ ਪੀੜ੍ਹੀਆਂ, ਸਾਗ ਕੱਟਣ ਵਾਲੀ ਦਾਤੀ, ਜਿਉਂ ਦੀ ਤਿਉਂ ਸਵਾਰ ਕੇ ਰੱਖੀ ਹੋਈ ਹੈ, ਮਾਂ ਦਾ ਜਿਹੜਾ ਸੰਦੂਕ ਹੈ, ਉਹਨੂੰ ਪਾਲਸ਼ ਕਰਾਉਂਦਾ ਹੈ, ਉਹਨੂੰ ਚੁੰਮਦਾ-ਚੱਟਦਾ ਹੈ, ਪੀੜੀਆਂ ਪਈਆਂ ਹਨ, ਫੱਟੇ ਪਏ ਹਨ, ਪੱਖੀਆਂ ਪਈਆਂ ਹਨ, ਬਾਪੂ ਦਾ ਬੜਾ ਹੀ ਪੁਰਾਣਾ, ਸੁੱਖੀ ਦੇ ਜਨਮ ਤੋਂ ਵੀ ਪਹਿਲਾਂ ਦਾ ਰੇਡੀਓ ਹੈ, ਉਹ ਪਿਆ ਹੈ, ਸੁੱਖੀ ਜਦੋਂ ਵੀ ਉਸ ਨੂੰ ਹੱਥ ਲਾਉਂਦਾ ਅਤੇ ਬਟਨ ਘੁਮਾਉਂਦਾ ਹੈ, ਤਾਂ ਉਸ ਨੂੰ ਇੱਦਾਂ ਲੱਗਦਾ ਕਿ ਜਿਵੇਂ ਉਹ ਆਪਣੇ ਪਿਤਾ ਜੀ ਨਾਲ ਗੱਲਾਂ ਕਰ ਰਿਹਾ ਹੋਵੇ।

"ਵਾਹ, ਸੋਹਣਿਆ ਪਿੰਡਾ, ਹਰਦੋਫਰੋਲਿਆ
ਹਸੀਨ ਸੁਫ਼ਨੇ 'ਚ ਆਇਓਂ , ਅੱਜ ਅਣਗੋਲਿਆ
ਮਾਂ ਨੇ ਬੂਹਾ ਹੋਵੇ ਜਿਉਂ , ਮੇਰੇ ਲਈ ਖੋਲ੍ਹਿਆ
ਪਾ ਕੇ ਗਲਵੱਕੜੀ, ਖੁਸ਼ੀ 'ਚ ਰੱਜ ਰੋ ਲਿਆ"

- ਸੁੱਖੀ ਬਾਠ





# ਕੋਵਿਡ ਕਿਵੇਂ ਲਘਿਆ?

## ਕੋਵਿਡ ਕਿਵੇਂ ਲੰਘਿਆ?



ਸੁੱਖੀ ਬਾਠ ਲਈ ਵੀ ਇਹ ਦੌਰ ਮੁਸ਼ਕਲਾਂ ਦੀ ਘੜੀ ਸੀ, ਉਸ ਨੂੰ ਵੀ ਸਮਾਜ ਦਾ ਫ਼ਿਕਰ ਸੀ, ਆਪਣੇ ਪਰਿਵਾਰ ਦਾ ਫ਼ਿਕਰ ਸੀ ਅਤੇ ਆਪਣੀ ਸਿਹਤ ਦਾ ਵੀ ਫ਼ਿਕਰ ਸੀ, ਨਾਲੇ ਇਸ ਨਾਜ਼ੁਕ ਜਿਹੇ ਸਮੇਂ ਵਿਚ ਉਸ ਨੂੰ ਆਪਣੇ ਬਿਜ਼ਨਿਸ ਅਦਾਰਿਆਂ ਦਾ ਵੀ ਫ਼ਿਕਰ ਸੀ। ਪਰ ਉਹ ਉੱਪਰ ਵਾਲੇ ਦਾ ਫਿਰ ਵੀ ਸ਼ੁਕਰਗੁਜ਼ਾਰ ਹੈ ਕਿ ਸਾਰੇ ਜਣੇ ਤੰਦਰੁਸਤ ਹਨ।

ਸੁੱਖੀ ਬਾਠ ਨੇ ਇਸ ਔਖੀ ਘੜੀ ਵਿਚ ਖ਼ੁਦ ਨੂੰ ਇਸ ਬੀਮਾਰੀ ਤੋਂ ਬਚਾਉਣ ਦੀ, ਪਰਿਵਾਰ ਨੂੰ ਅਤੇ ਆਪਣੇ ਸਟਾਫ਼ ਨੂੰ ਵੀ ਪੂਰੀ ਤਰ੍ਹਾਂ ਸੁਰੱਖਿਅਤ ਰੱਖਣ ਦੀ ਪੂਰੀ ਕੋਸ਼ਿਸ਼ ਕੀਤੀ ਸੀ, ਪਰ ਉਹ ਇਹ ਵੀ ਚਾਹੁੰਦਾ ਸੀ ਕਿ ਕਾਰੋਬਾਰ ਨੂੰ ਵੀ ਸੁਰੱਖਿਅਤ ਰੱਖਿਆ ਜਾਵੇ, ਇਸ ਲਈ ਉਸ ਨੇ ਬਹੁਤ ਪ੍ਰੋਟੈਕਸ਼ਨ ਨਾਲ ਅਦਾਰੇ ਚਲਾਏ, ਪਰ ਜਿਵੇਂ ਦੁਨੀਆਂ ਭਰ ਵਿਚ ਲੋਕਾਂ ਨੂੰ ਨੁਕਸਾਨ ਦਾ ਸਾਮ੍ਹਣਾ ਵੀ ਕਰਨਾ ਪਿਆ ਸੀ, ਇਸੇ ਤਰ੍ਹਾਂ ਉਸ ਦੇ ਵਪਾਰਕ ਅਦਾਰਿਆਂ ਨੂੰ ਘਾਟੇ ਦਾ ਸਾਮ੍ਹਣਾ ਕਰਨਾ ਪਿਆ ਸੀ।

ਕੰਮ ਵੀ ਕਾਫ਼ੀ ਘੱਟ ਗਿਆ ਸੀ, ਪਰ ਉਸ ਦੇ ਅਦਾਰਿਆਂ ਵਿਚ ਕੰਮ ਕਰਦਾ ਕੋਈ ਵੀ ਕਰਮਚਾਰੀ ਘਰ ਨਹੀਂ ਬਿਠਾਇਆ ਗਿਆ, ਸੁੱਖੀ ਬਾਠ ਦਾ ਕਹਿਣਾ ਸੀ ਕਿ ਜਿੱਥੇ 45 ਸਾਲਾਂ ਤੋਂ ਪੈਸੇ ਹੀ ਬਣਾਉਂਦੇ ਆਏ ਹਾਂ ਜੇ ਇਕ ਸਾਲ ਨਾ ਵੀ ਬਣੇ, ਤਾਂ ਕੀ ਹੋਇਆ। ਉਸ ਨੇ ਆਪਣੀਆਂ ਬਾਕੀ ਦੀਆਂ ਗਤੀਵਿਧੀਆਂ ਵੀ ਚੱਲਦੀਆਂ ਰੱਖੀਆਂ, ਪਰ ਨਾਲ ਦੀ ਨਾਲ ਸਿਹਤ ਦਾ ਵੀ ਉਨ੍ਹਾਂ ਦੇ ਅਦਾਰਿਆਂ ਵੱਲੋਂ ਪੂਰਾ ਖ਼ਿਆਲ ਰੱਖਿਆ ਗਿਆ। ਹਰ ਦਿਨ ਸੈਨੇਟਾਈਜ਼ਰ ਕਰਨਾ,



ਬਿਲਡਿੰਗਾਂ ਨੂੰ ਸੁਰੱਖਿਅਤ ਰੱਖਿਆ ਗਿਆ, ਭਾਵੇਂ ਇਹਦੇ ਲਈ ਉਨ੍ਹਾਂ ਨੂੰ ਵਾਧੂ ਸਟਾਫ਼ ਲਗਾਉਣਾ ਪਿਆ। ਸਾਰਾ ਕੁਝ ਬੜੀ ਸਾਵਧਾਨੀ ਦੇ ਨਾਲ ਕੀਤਾ ਗਿਆ। ਸੁੱਖੀ ਬਾਠ ਵੀ ਕੋਰੋਨਾ ਦੀ ਮਾਰ ਤੋਂ ਬਚਿਆ ਨਹੀਂ ਰਿਹਾ। ਉਸ ਨੇ ਕਿਹਾ ਕਿ ਜਦੋਂ ਉਸ ਨੂੰ ਕੋਰੋਨਾ ਹੋਇਆ ਸੀ, ਤਾਂ ਉਸੇ ਸਮੇਂ ਉਸ ਦੇ ਪੁੱਤਰ ਨੂੰ ਵੀ ਕੋਰੋਨਾ ਹੋਇਆ ਸੀ ਅਤੇ ਉਹ ਨਾਲ ਦੇ ਕਮਰੇ ਵਿਚ ਸੀ। ਸੁੱਖੀ ਬਾਠ ਯਾਦ ਕਰਦਾ ਹੋਇਆ ਕਹਿੰਦਾ ਹੈ ਕਿ ਉਹ ਬੜਾ ਡਰਾਉਣਾ ਜਿਹਾ ਸੀਨ ਸੀ। ਕੋਵਿਡ ਦੌਰਾਨ ਪੰਜਾਬ ਭਵਨ ਦੇ ਕੰਮ ਵਿਚ ਵੀ ਕੁਝ ਰੁਕਾਵਟਾਂ ਆਈਆਂ। ਜਿੱਥੇ ਆਮ ਹਾਲਾਤਾਂ ਵਿਚ ਪੰਜਾਬ ਭਵਨ ਵਿਚ ਇਕ ਮਹੀਨੇ ਵਿਚ 20, 22, 28 ਤਕ ਵੀ ਇਵੈਂਟਸ ਹੋ ਜਾਂਦੇ ਸਨ। ਪਰ ਬੀਮਾਰੀ ਦੇ ਆਉਣ ਨਾਲ ਅਤੇ ਕਾਨੂੰਨ ਮੁਤਾਬਕ ਇਹ ਇਵੈਂਟਸ ਬੰਦ ਕਰਨੇ ਪਏ। ਪਰ ਸੁੱਖੀ ਬਾਠ ਨੇ ਸੋਸ਼ਲ ਮੀਡੀਆ 'ਤੇ ਸਰਗਰਮੀ ਕਾਇਮ ਰੱਖੀ, ਬਹੁਤ ਸਾਰੀਆਂ ਸੰਸਥਾਵਾਂ ਨਾਲ ਰਲ਼ ਕੇ ਵੈੱਬ ਕੈਮ 'ਤੇ ਜਾਂ ਹੋਰ ਵੱਖੋ-ਵੱਖਰੇ ਸੋਸ਼ਲ ਮੀਡੀਆ ਦੇ ਸਾਧਨਾਂ ਨਾਲ ਆਪਣੀਆਂ ਗਤੀਵਿਧੀਆਂ ਨੂੰ ਧੱਕਾ ਲਾਉਂਦੇ ਰਹੇ। ਨਾਲੇ ਮੈਗਜ਼ੀਨ "ਸੁਗੰਧੀਆਂ" ਵੀ ਪ੍ਰਕਾਸ਼ਿਤ ਹੁੰਦਾ ਰਿਹਾ ਹੈ ਅਤੇ ਲੋਕਾਂ ਦੇ ਹੱਥਾਂ ਵਿਚ ਪਹੁੰਚ ਰਿਹਾ। ਕੋਵਿਡ ਦੌਰਾਨ ਵੀ ਲੋਕਾਂ ਦੇ ਫ਼ੋਨਾਂ ਵਿਚ, ਈ-ਮੇਲਾਂ ਵਿਚ ਸੁੱਖੀ ਬਾਠ ਇਸ ਮੈਗਜ਼ੀਨ ਨੂੰ ਪਹੁੰਚਾਉਂਦਾ ਆ ਰਿਹਾ ਹੈ। ਪੰਜਾਬ ਭਵਨ ਵੱਲੋਂ ਬਹੁਤ ਸਾਰੀਆਂ ਪੁਸਤਕਾਂ ਵੀ ਪ੍ਰਕਾਸ਼ਿਤ ਕਰਨ ਦਾ ਸਿਲਸਿਲਾ ਵੀ ਚੱਲਦਾ ਰੱਖਿਆ। ਲਾਈਵ ਇਵੈਂਟਸ ਤੋਂ ਇਲਾਵਾ ਬਾਕੀ ਸਾਰੀ



ਗਤੀਵਿਧੀ ਤਕਰੀਬਨ-ਤਕਰੀਬਨ ਚੱਲਦੀ ਰਹੀ ਸੀ। ਫਿਰ ਸਮਾਂ ਪਾ ਕੇ ਜਿੱਦਾਂ ਹੀ ਪੰਜਾਬ ਭਵਨ ਨੂੰ ਖੋਲ੍ਹਣ ਦੀ ਇਜਾਜ਼ਤ ਮਿਲੀ, ਤਾਂ ਪਹਿਲੇ ਹਫ਼ਤੇ ਦੇ ਵਿਚ ਹੀ 22 ਇਵੈਂਟਸ ਬੁੱਕ ਹੋ ਗਏ ਸੀ। ਇਸ ਗੱਲ ਦਾ ਸੁੱਖੀ ਬਾਠ ਨੂੰ ਬਹੁਤ ਮਾਣ ਹੈ। ਸੁੱਖੀ ਬਾਠ ਅਤੇ ਉਨ੍ਹਾਂ ਦੀ ਟੀਮ ਨੇ ਪੰਜਾਬ ਦੇ ਵਿਚ ਅਤੇ ਹੋਰ ਕਈ ਦੇਸ਼ਾਂ ਦੇ ਵਿਚ ਸੋਸ਼ਲ ਵਰਕ ਦਾ ਆਪਣਾ ਏਜੰਡਾ ਬਰਕਰਾਰ ਰੱਖਿਆ, ਬੱਸ ਉਹਦੇ ਵਿਚ ਬਹੁਤ ਛੋਟੀ ਜਿਹੀ ਤਬਦੀਲੀ ਲਿਆਂਦੀ ਗਈ ਸੀ। ਕਿਸੇ ਵੀ ਸਮਾਜ ਭਲਾਈ ਦੇ ਕਾਰਜ ਦੇ ਵਿਚ ਵਿਘਨ ਨਹੀਂ ਪੈਣ ਦਿੱਤਾ ਗਿਆ, ਬੇਸ਼ੱਕ ਉਹ ਪੰਜਾਬ ਦੇ ਵਿਚ ਬੱਚਿਆਂ ਦੀ ਪੜ੍ਹਾਈ ਦੀ ਗੱਲ ਹੈ, ਬੇਸ਼ੱਕ ਆਈ ਕੈਂਪਸ ਜਾਂ ਮੈਡੀਕਲ ਕੈਂਪਸ ਦੀ ਗੱਲ ਹੈ, ਬੇਸ਼ੱਕ ਉਹ ਬੱਚੀਆਂ ਦੀ ਸ਼ਾਦੀ ਦੀ ਗੱਲ ਹੈ, ਜਿੱਥੇ ਇਨ੍ਹਾਂ ਕੰਮਾਂ ਨੂੰ ਜਾਰੀ ਰੱਖਿਆ ਗਿਆ, ਉੱਥੇ ਤਕਰੀਬਨ-ਤਕਰੀਬਨ ਥੋੜ੍ਹੀ ਬਣਤਰ ਜ਼ਰੂਰ ਬਦਲ ਦਿੱਤੀ ਗਈ। ਸੋਸ਼ਲ ਡਿਸਟੈਂਸ ਨੂੰ ਮੱਦੇ-ਨਜ਼ਰ ਰੱਖਿਆ ਗਿਆ। ਪਰ ਨਾਲ ਦੀ ਨਾਲ ਇਸ ਦੁੱਖ ਦੀ ਘੜੀ ਦੇ ਵਿਚ ਸੁੱਖੀ ਬਾਠ ਫਾਊਂਡੇਸ਼ਨ ਵੱਲੋਂ ਤੇ ਸੁੱਖੀ ਬਾਠ ਮੋਟਰਸ ਦੇ ਸਹਿਯੋਗ ਨਾਲ ਸੱਤ ਹਫ਼ਤਿਆਂ ਲਈ, ਸੱਤ ਜਗ੍ਹਾ 'ਤੇ ਢਿੱਡ ਭਰਨ ਦੇ ਲਈ, ਲੋਕਾਂ ਦੀ ਡੇਲੀ ਜ਼ਰੂਰਤ ਦੇ ਲਈ ਉਨ੍ਹਾਂ ਵੱਲੋਂ ਟੀਮਾਂ ਬਣਾਈਆਂ ਗਈਆਂ। ਉਨ੍ਹਾਂ ਨੇ ਜਲੰਧਰ ਦੇ ਵਿਚ ਦੋ ਜਗ੍ਹਾ ਤੇ ਫਿਰ ਪਟਿਆਲੇ ਵਿਚ, ਫਿਰ ਸੰਗਰੂਰ ਵਿਚ, ਫਿਰ ਮਾਨਸਾ ਦੇ ਵਿਚ, ਫਿਰ ਅਬੋਹਰ ਦੇ ਵਿਚ,



ਉਸ ਤੋਂ ਬਾਅਦ ਲਾਹੌਰ ਦੇ ਵਿਚ ਤੇ ਨਨਕਾਣਾ ਸਾਹਿਬ ਦੇ ਵਿਚ ਸੱਤ ਟੀਮਾਂ ਨੂੰ ਤੈਨਾਤ ਕੀਤਾ। ਟੀਮਾਂ ਬਣਾਈਆਂ ਗਈਆਂ ਤੇ ਲੋਕਾਂ ਨੂੰ ਸੁੱਕੇ ਰਾਸ਼ਨ ਦੀ ਲਿਸਟ ਲੈ ਕੇ ਉਨ੍ਹਾਂ ਨੇ ਸੱਤ ਦਿਨਾਂ ਲਈ ਪੈਂਤੀ ਹਜ਼ਾਰ ਪੈਕੇਜ਼ ਪਰਿਵਾਰਾਂ ਦੇ ਵਿਚ ਵੰਡੇ। ਇਹ ਕਰਨਾ ਸੁੱਖੀ ਬਾਠ ਲਈ ਕਿਸੇ ਸਕੂਨ ਤੋਂ ਘੱਟ ਨਹੀਂ ਸੀ। ਕੁੜੀਆਂ ਦੇ ਵਿਆਹ ਕਰਨ ਦੇ ਪ੍ਰਬੰਧ ਦੀ ਬਣਤਰ ਵਿਚ ਥੋੜ੍ਹੀ ਜਿਹੀ ਤਬਦੀਲੀ ਲਿਆਂਦੀ ਗਈ। ਪਹਿਲਾਂ ਜੇ ਦਸ ਲੜਕੀਆਂ ਦੇ ਵਿਆਹ ਕੀਤੇ ਜਾਂਦੇ ਸਨ, ਤਾਂ ਚਾਰ ਸੌ ਮਹਿਮਾਨਾਂ ਨੂੰ ਅਲਾਓ ਕੀਤਾ ਜਾਂਦਾ ਸੀ। ਪਰ ਕੋਵਿਡ ਤੋਂ ਬਾਅਦ ਮਹਿਮਾਨ ਸੱਦਣ ਦੀ ਬਜਾਇ ਕੁੜੀਆਂ ਦੇ ਸਾਧਾਰਣ ਆਨੰਦ ਕਾਰਜ ਕਰਵਾਏ ਗਏ ਅਤੇ ਜਿਹੜਾ ਉਤਲਾ ਖ਼ਰਚਾ ਸੀ, ਖਾਣ-ਪੀਣ ਵਗੈਰਾ, ਉਹ ਲੜਕੀਆਂ ਦੀ ਪੜ੍ਹਾਈ ਜਾਂ ਉਨ੍ਹਾਂ ਦੀਆਂ ਘਰ ਦੀਆਂ ਹੋਰ ਚੀਜ਼ਾਂ ਵਗੈਰਾ ਲੈਣ ਵਿਚ ਲਗਾ ਦਿੱਤਾ ਗਿਆ। ਸੁੱਖੀ ਬਾਠ ਨੇ ਕੋਵਿਡ ਦੇ ਦੌਰਾਨ ਹੀ ਉੱਨੀ ਲੜਕੀਆਂ ਦੇ ਵਿਆਹ ਕਰਵਾਏ।

ਸੁੱਖੀ ਬਾਠ ਹੁਰੀਂ ਬਹੁਤ ਜ਼ਿਆਦਾ ਗੱਡੀਆਂ ਵੇਚਦੇ ਹਨ। ਉਹ ਗੱਡੀਆਂ ਲਈ ਫਾਈਨੈਂਸ ਵੀ ਖ਼ੁਦ ਹੀ ਕਰਦੇ ਹਨ। ਉਨ੍ਹਾਂ ਦੀਆਂ ਦੋ ਕੰਪਨੀਆਂ ਹਨ, ਗ੍ਰੀਨ ਲਾਈਟ ਕਾਰਪੋਰੇਸ਼ਨ ਅਤੇ ਕਵਿੱਕ ਫਾਈਨੈਂਸ ਕਾਰਪੋਰੇਸ਼ਨ ਅਤੇ ਮਾਰਚ, ਅਪ੍ਰੈਲ ਅਤੇ ਮਈ ਦੇ ਵਿਚ 90 ਦਿਨਾਂ ਦੀਆਂ ਪੇਮੇਂਟਸ ਸਿੱਧੀਆਂ ਗਾਹਕਾਂ ਦੇ



ਕਹੇ ਬਿਨਾਂ ਹੀ ਡੈਫਰ ਕਰ ਦਿੱਤੀਆਂ ਗਈਆਂ ਯਾਨੀ ਤਿੰਨ ਮਹੀਨੇ ਗਾਹਕਾਂ ਨੂੰ ਇਨ੍ਹਾਂ ਪੇਮੈਂਟਸ ਦਾ ਜਿਹੜਾ ਪੈਸਾ ਸੀ ਉਹ ਸੇਵ ਕਰ ਲੈਣ ਦਾ ਮੌਕਾ ਦਿੱਤਾ ਗਿਆ ਜੋ ਕਿ ਪੰਦਰਾਂ ਸੌ ਡਾਲਰ ਬਣਦਾ ਹੈ। ਸੁੱਖੀ ਬਾਠ ਨੇ ਆਪਣੇ ਗਾਹਕਾਂ ਨੂੰ ਕਿਹਾ ਕਿ ਉਹ ਇਹ ਪੈਸਾ ਆਪਣੇ ਘਰ ਦੀਆਂ ਜ਼ਰੂਰਤ ਵਾਲੀਆਂ, ਸਿਹਤ ਵਾਲੀਆਂ ਚੀਜ਼ਾਂ 'ਤੇ ਖ਼ਰਚਣ। ਨਾਲੇ ਜਿਹੜੀ ਇਹ ਡੈਫਰ ਕੀਤੀ ਗਈ ਰਕਮ ਹੈ ਇਹ ਅੱਗੇ ਚੱਲ ਕੇ, ਜਦੋਂ ਹਾਲਾਤ ਠੀਕ ਹੋ ਜਾਣਗੇ ਯਾਨੀ ਅਖ਼ੀਰ 'ਤੇ ਦੇ ਸਕਦੇ ਹਨ। ਉਨ੍ਹਾਂ ਦੇ ਕਸਟਮਰਜ਼ ਨੇ ਇਸ ਗੱਲ ਲਈ ਸੁੱਖੀ ਬਾਠ ਦੀ ਬਹੁਤ ਸ਼ਲਾਘਾ ਕੀਤੀ। ਸੁੱਖੀ ਬਾਠ ਨੇ ਡਾਕਟਰਾਂ ਤੇ ਨਰਸਾਂ ਦੀ ਸੇਵਾ ਭਾਵਨਾ ਦੀ ਕਦਰ ਜ਼ਾਹਰ ਕਰਦੇ ਹੋਏ ਉਨ੍ਹਾਂ ਨੂੰ ਇਕ ਆਫ਼ਰ ਦਿੱਤੀ ਕਿ ਉਨ੍ਹਾਂ ਦੀਆਂ ਗੱਡੀਆਂ ਆਪ ਲਿਜਾ ਕੇ ਉਨ੍ਹਾਂ ਦਾ ਆਇਲ ਚੇਂਜ ਕਰ ਕੇ, ਉਨ੍ਹਾਂ ਨੂੰ ਵੈਕਿਊਮ ਕਰ ਕੇ, ਉਨ੍ਹਾਂ ਨੂੰ ਧੋ ਕੇ, ਉਨ੍ਹਾਂ ਦਾ ਇੰਟੀਰੀਅਰ ਸੈਨੀਟਾਈਜ਼ਰ ਕਰ ਕੇ ਉਨ੍ਹਾਂ ਦੇ ਕੰਮ ਤੇ ਜਾਂ ਘਰ ਗੱਡੀ ਪਹੁੰਚਦੀ ਕਰ ਦੇਣਗੇ। ਨਰਸਾਂ ਤੇ ਡਾਕਟਰਾਂ ਨੇ ਇਸ ਗੱਲ ਦੀ ਕਦਰਦਾਨੀ ਜ਼ਾਹਰ ਕੀਤੀ।




# ਪੰਜਾਬ ਭਵਨ ਸਥਾਪਨਾ



ਸੁੱਖੀ ਬਾਠ ਦੀ ਕਦੇ ਇਹ ਖ਼ਾਹਸ਼ ਸੀ ਕਿ ਉਹ ਵੀ ਇਕ ਉੱਘਾ ਲੇਖਕ ਬਣੇ ਅਤੇ ਉਸ ਨੇ ਕਈ ਵਾਰ ਕੋਸ਼ਿਸ਼ ਵੀ ਕੀਤੀ ਕਿ ਉਹ ਕੁਝ-ਨਾ-ਕੁਝ ਲਿਖੇ। ਬੇਸ਼ਕ ਉਹ ਆਪਣੇ ਆਪ ਨੂੰ ਟੁੱਟਾ-ਭੱਜਾ ਲੇਖਕ ਮੰਨਦਾ ਹੈ, ਪਰ ਉਸ ਦੇ ਪ੍ਰਵਚਨਾਂ ਵਿੱਚ ਵਧੀਆ ਕਵਿਤਾ ਛੁਪੀ ਲੱਗਦੀ ਹੈ। ਉਸ ਨੂੰ ਸਾਹਿਤ ਨਾਲ ਬਹੁਤ ਪਿਆਰ ਹੈ ਅਤੇ ਉਸ ਨੇ ਇਕ ਸਮੇਂ ਤੇ ਆ ਕੇ ਇਹ ਅਹਿਸਾਸ ਕੀਤਾ ਕਿ ਸਾਡੇ ਕੋਲ ਉੱਘੇ ਵਿਦਵਾਨ ਹਨ ਅਤੇ ਸਾਡੇ ਕੋਲ ਪੰਜਾਬੀ ਸਾਹਿਤ ਦੀ ਬਹੁਤ ਵੱਡੀ ਸਮੱਗਰੀ ਹੈ, ਸੁੱਖੀ ਨੇ ਸੋਚਿਆ ਕਿ ਕੀ ਹੋਇਆ ਜੇ ਉਹ ਆਪ ਲੇਖਕ ਨਹੀਂ ਬਣ ਸਕਦਾ, ਫੇਰ ਉਸ ਨੇ ਆਪਣੇ ਮਨ ਨਾਲ ਮਹੀਨੇ ਦੋ ਮਹੀਨੇ ਸੋਚਾਂ ਮਾਰੀਆਂ ਬਈ ਉਹ ਲਿਖਾਰੀਆਂ ਨਾਲ ਯਾਰੀ ਪਾ ਲਵੇ, ਇਸ ਲਈ ਉਸ ਨੇ ਫ਼ੈਸਲਾ ਕੀਤਾ ਕਿ ਉਹ ਸਾਹਿਤ ਦੇ ਕੱਦ ਨੂੰ ਹੋਰ ਉੱਚਾ ਚੁੱਕਣ ਲਈ ਇੱਥੇ ਇੱਕ ਫਸਿਲਟੀ ਖੋਲ੍ਹੇਗਾ। ਉਸ ਫਸਿਲਟੀ ਦਾ ਨਾਂ ਹੈ ਪੰਜਾਬ ਭਵਨ। ਪਰ ਸੱਚ ਤਾਂ ਇਹ ਵੀ ਹੈ ਕਿ ਸੁੱਖੀ ਬਾਠ ਜੀ ਦੇ ਹਰ ਬੋਲਾਂ ਅਤੇ ਸਨੇਹੜਿਆਂ ਵਿਚ ਸਾਰਥਕ-ਕਾਵਿ ਛੁਪੀ ਹੋਈ ਹੁੰਦੀ ਹੈ ਜਿਸ ਨੂੰ ਸਰੋਤੇ ਖੋਜ ਸਕਦੇ ਹਨ।

ਸੁੱਖੀ ਬਾਠ ਨੇ ਇਕ ਮੁਕਾਮ 'ਤੇ ਆ ਕੇ ਸੋਚਿਆ ਕਿ ਸਾਹਿਤਕਾਰਾਂ ਨਾਲ, ਬੁੱਧੀਜੀਵੀਆਂ ਨਾਲ, ਸਮਾਜ ਸੇਵੀਆਂ ਨਾਲ ਰਲ਼-ਮਿਲ ਕੇ ਸਮਾਜ ਲਈ ਕੁਝ-ਨਾ-ਕੁਝ ਕੀਤਾ ਜਾਵੇ। ਪਰ ਜਦੋਂ ਉਹ ਇਹਦੇ ਵਿਚ ਪਿਆ, ਤਾਂ ਉਸ ਨੂੰ ਅਹਿਸਾਸ ਹੋਇਆ ਕਿ ਇਹ ਤਾਂ ਇਕ ਬਹੁਤ ਵੱਡਾ ਪ੍ਰਾਜੈਕਟ ਹੈ ਜਿਹਨੂੰ ਪ੍ਰੋਪਰਲੀ ਲਿਆ ਜਾਣਾ ਚਾਹੀਦਾ ਹੈ। ਇਸ ਲਈ ਉਹ ਆਪਣੀ ਟੀਮ ਨਾਲ ਇਸ ਵਿਚ ਬੜੀ



ਸੰਜੀਦਗੀ ਨਾਲ ਜੁੜ ਗਏ। ਸੁੱਖੀ ਬਾਠ ਹੁਰਾਂ ਦੀ ਸ਼ੁਰੂ ਤੋਂ ਇਹ ਧਾਰਣਾ ਸੀ ਕਿ ਇਸ ਪੰਜਾਬ ਭਵਨ ਨੂੰ ਨਿਰਪੱਖ ਰੱਖਿਆ ਜਾਵੇ। ਇਸ ਲਈ ਨਾ ਤਾਂ ਇਸ ਨੂੰ ਕਿਸੇ ਧਰਮ ਨਾਲ ਜੋੜਿਆ, ਨਾ ਕਿਸੇ ਬੋਲੀ ਨਾਲ ਜੋੜਿਆ, ਕਿਸੇ ਵੀ ਰੰਗ ਦਾ ਇਨਸਾਨ ਉੱਥੇ, ਕਿਸੇ ਵੀ ਸਮਾਜ ਦੇ ਭਲੇ ਲਈ, ਕੋਈ ਵੀ ਸਮਾਗਮ ਕਰ ਸਕਦਾ ਹੈ। ਸੁੱਖੀ ਬਾਠ ਦੱਸਦਾ ਹੈ ਕਿ ਪੰਜਾਬ ਭਵਨ ਦਾ ਨਾਂ ਕਿਵੇਂ ਪਿਆ। ਸ਼ੁਰੂ ਦੇ ਵਿਚ ਹਰਭਜਨ ਗਿੱਲ ਇਸ ਗੱਲ 'ਤੇ ਅੜੇ ਰਹੇ ਸੀ ਕਿ ਇਸ ਦਾ ਨਾਂ ਪੰਜਾਬੀ ਭਵਨ ਰੱਖਣਾ ਹੈ। ਸੁੱਖੀ ਬਾਠ ਨੇ ਉਨ੍ਹਾਂ ਨੂੰ ਕਿਹਾ ਕਿ ਅਸੀਂ ਇਸ ਨੂੰ ਇਕ ਭਾਸ਼ਾ ਨਾਲ ਬੰਨ੍ਹ ਕੇ ਨਹੀਂ ਰੱਖ ਸਕਦੇ। ਸਾਡੀ ਜਿਹੜੀ ਸੋਚ ਹੈ ਉਹ ਬਾਬਾ ਨਾਨਕ ਵਾਲੀ ਸੋਚ ਹੈ ਕਿ ਅਸੀਂ ਚਾਰੇ ਦਰਵਾਜ਼ੇ ਖੁੱਲ੍ਹੇ ਰੱਖਣੇ ਹਨ।

ਪੰਜਾਬ ਭਵਨ ਨੂੰ ਲੈ ਕੇ ਸੁੱਖੀ ਬਾਠ ਬਹੁਤ ਮਾਣ ਮਹਿਸੂਸ ਕਰਦਾ ਹੈ, ਉਸ ਨੂੰ ਯਾਦ ਹੈ ਕਿ ਇਕ ਵਾਰ ਇਕ ਗਾਇਕ ਸੀ ਅਤੇ ਉਹ ਸਾਰੇ ਜਣੇ ਬੈਠੇ ਹੋਏ ਸਨ ਤੇ ਉਸ ਨੇ ਸੁੱਖੀ ਨੂੰ ਕਿਹਾ "ਭਾਅਜੀ, ਤੁਹਾਨੂੰ ਇਕ ਗੱਲ ਦੱਸਣੀ ਹੈ ਕਿ ਸਾਡੇ ਇੱਥੇ ਗਾਇਕਾਂ ਦੇ ਵਿਚ ਇਹ ਗੱਲ ਬਹੁਤ ਮਸ਼ਹੂਰ ਹੋ ਗਈ ਹੈ ਕਿ ਬਈ ਜੇ ਤੁਸੀਂ ਕੈਨੇਡਾ ਗਏ ਤੇ ਤੁਸੀਂ ਪੰਜਾਬ ਭਵਨ ਨਹੀਂ ਗਏ, ਤਾਂ ਤੁਹਾਡਾ ਟ੍ਰਿਪ ਸਫ਼ਲ ਨਹੀਂ।" ਸੁੱਖੀ ਬਾਠ ਕਹਿੰਦਾ ਹੈ ਕਿ ਪੰਜਾਬ ਭਵਨ ਦੀ ਅਜੇ ਬਹੁਤ ਜ਼ਿੰਮੇਵਾਰੀ ਹੈ ਜਿਹਨੂੰ ਉਹ ਅਤੇ ਉਸ ਦੀ ਟੀਮ ਮਿਲ-ਜੁਲ ਕੇ ਕਰ ਰਹੀ ਹੈ। ਉਸ ਨੂੰ ਇਸ ਗੱਲ ਦਾ ਦੁੱਖ ਹੈ ਕਿ ਸਾਡੀਆਂ ਬਹੁਤੀਆਂ ਪੰਜਾਬੀਆਂ ਦੀਆਂ ਬੁੱਕਾਂ ਐਮਾਜ਼ਾਨ 'ਤੇ ਸੇਲ 'ਤੇ



ਨਹੀਂ ਲੱਗੀਆਂ। ਪਰ ਸੁੱਖੀ ਬਾਠ ਦੀ ਟੀਮ ਨੇ ਬੜਾ ਵਧੀਆ ਉਪਰਾਲਾ ਕੀਤਾ ਤੇ ਉਹ ਚਾਹੁੰਦੇ ਹਨ ਕਿ ਲੇਖਕ ਆਪਣੀ ਕਿਤਾਬ ਪੰਜਾਬ ਭਵਨ ਦੇ ਵਿਚ ਲਿਆਉਣ, ਉਹ ਆਪ ਉਸ ਕਿਤਾਬ ਨੂੰ ਰਿਲੀਜ਼ ਕਰਨਗੇ, ਨਾਲੇ ਉਹ ਉਸ ਨੂੰ ਐਮਾਜ਼ਾਨ ਅਤੇ ਈ-ਬੁੱਕ 'ਤੇ ਵੀ ਪਾਉਂਦੇ ਹਨ। ਸੁੱਖੀ ਬਾਠ ਸਾਹਿਤਕਾਰਾਂ ਦਾ ਬਹੁਤ ਆਦਰ-ਮਾਣ ਕਰਦਾ ਹੈ। ਉਸ ਦਾ ਮੰਨਣਾ ਹੈ ਕਿ ਸਾਡਾ ਪੰਜਾਬੀ ਸਾਹਿਤ ਬਹੁਤ ਅਮੋਲਕ ਖ਼ਜ਼ਾਨਾ ਹੈ। ਸਾਡੇ ਕੋਲ ਬਹੁਤ ਵਧੀਆ ਸਾਹਿਤ ਲਿਖਿਆ ਪਿਆ ਹੈ। ਸਾਡੇ ਕੋਲ ਬੜੇ ਉੱਚ ਕੋਟੀ ਦੇ ਸਾਹਿਤਕਾਰ ਹਨ। ਪਰ ਸੁੱਖੀ ਬਾਠ ਕਹਿੰਦਾ ਹੈ ਕਿ ਸਾਡੇ ਕੋਲ ਵਧੀਆ-ਵਧੀਆ ਸਾਹਿਤਕਾਰ ਹੋਣ ਦੇ ਬਾਵਜੂਦ ਵੀ ਅਸੀਂ ਆਪਣੇ ਸਾਹਿਤ ਨੂੰ ਪ੍ਰਫੁੱਲਿਤ ਕਰਨ ਵਿੱਚ ਨਾਕਾਮਯਾਬ ਰਹੇ ਹਾਂ ਕਿਉਂਕਿ ਅਸੀਂ ਆਪਣੇ ਸਾਹਿਤਕਾਰਾਂ ਨੂੰ, ਆਪਣੇ ਸਿਸਟਮ ਨੂੰ ਅੱਜ ਦੇ ਯੁੱਗ ਦੇ ਨਹੀਂ ਬਣਾ ਸਕੇ।

ਸੁੱਖੀ ਨੂੰ ਕਈ ਵਾਰੀ ਬੜੀ ਨਮੋਸ਼ੀ ਹੁੰਦੀ ਹੈ ਜਦੋਂ ਕੋਈ ਸਾਹਿਤਕਾਰ ਮਿਲਦਾ ਹੈ ਤੇ ਉਹ ਉੱਚ ਕੋਟੀ ਦੀਆਂ ਚਾਰ ਬੁੱਕਾਂ ਲਿਖ ਚੁੱਕਾ ਹੈ, ਉਸ ਨੇ ਬੜਾ ਪਾਏਦਾਰ ਲਿਖਿਆ ਹੈ। ਪਰ ਜਦੋਂ ਅੱਜ ਦੀ ਟੈਕਨਾਲੋਜੀ ਦੀ ਗੱਲ ਕਰਦੇ ਹਾਂ, ਤਾਂ ਪਤਾ ਲੱਗਦਾ ਹੈ ਕਿ ਉਨ੍ਹਾਂ ਕੋਲ ਆਪਣੀ ਈ-ਮੇਲ ਆਈ. ਡੀ. ਵੀ ਨਹੀਂ ਹੈ। ਸੁੱਖੀ ਬਾਠ ਹੁਣ ਵੀ ਜਗ੍ਹਾ-ਜਗ੍ਹਾ ਤੇ ਵੱਖਰੇ-ਵੱਖਰੇ ਮੁਲਕਾਂ ਵਿਚ ਜਾ ਕੇ ਸਾਹਿਤਕਾਰਾਂ ਦਾ ਇਕੱਠ ਕਰਦਾ ਹੈ, ਉਨ੍ਹਾਂ ਨੂੰ ਸੁਣਦਾ ਹੈ, ਉਨ੍ਹਾਂ ਕੋਲੋਂ ਕੁਝ ਸਿੱਖਦਾ ਹੈ। ਸੁੱਖੀ ਬਾਠ ਹਮੇਸ਼ਾ ਆਪਣੇ ਆਪ ਤੋਂ ਪੁੱਛਦਾ ਸੀ ਕਿ ਜਿਸ ਮਾਂ-ਬੋਲੀ ਨੇ ਉਸ ਨੂੰ ਇੰਨਾ



ਕੁਝ ਦਿੱਤਾ, ਉਸ ਨੇ ਆਪ ਉਹਦੇ ਲਈ ਕੀ ਕੀਤਾ ਹੈ? ਇਸ ਲਈ ਉਸ ਨੇ ਮਨ ਵਿਚ ਧਾਰਿਆ ਅਤੇ 2 ਅਕਤੂਬਰ 2016 ਵਿਚ ਪੰਜਾਬ ਭਵਨ ਸਰੀ ਕੈਨੇਡਾ ਦੀ ਇਨੋਗ੍ਰੇਸ਼ਨ ਕੀਤੀ ਗਈ ਜਿਸ ਦਾ ਮਕਸਦ ਸੀ ਆਪਣੇ ਭਾਈਚਾਰੇ ਦੇ ਵਿਚ ਐਵੇਨਿਊ ਪੈਦਾ ਕਰਨਾ, ਆਪਣੀ ਮਾਂ-ਬੋਲੀ ਨੂੰ ਪ੍ਰਫੁੱਲਿਤ ਕਰਨਾ ਤੇ ਸੁੱਖੀ ਨੂੰ ਇਸ ਵੇਲੇ ਬੜੀ ਖੁਸ਼ੀ ਹੈ ਕਿ ਉਸ ਪੰਜਾਬ ਭਵਨ ਦੇ ਵਿਚ ਵੀਹ ਅਤੇ ਤੀਹ ਦੇ ਦਰਮਿਆਨ ਇਵੈਂਟਸ ਹਰ ਮਹੀਨੇ ਹੁੰਦੇ ਹਨ। ਪੰਜਾਬ ਭਵਨ ਦੇ ਵਿਚ ਪੰਜਾਬੀ ਤੋਂ ਇਲਾਵਾ ਅੱਠ ਹੋਰ ਭਾਸ਼ਾਵਾਂ ਨੂੰ ਪ੍ਰਫੁੱਲਿਤ ਕੀਤਾ ਜਾਂਦਾ ਹੈ। ਹੋਰ ਮੁਲਕਾਂ ਦੇ ਵਿੱਚੋਂ ਲੋਕ ਆ ਕੇ ਪੰਜਾਬ ਭਵਨ ਦੇ ਵਿਚ ਸਾਹਿੱਤਕ ਇਕੱਠ ਕਰਦੇ ਹਨ। ਸਮਾਜ ਦੀਆਂ ਕੁਰੀਤੀਆਂ ਪ੍ਰਤੀ ਇਵੈਂਟਸ ਕਰਦੇ ਹਨ। ਕੈਨੇਡਾ ਦੀ ਪੁਲਿਸ ਫੋਰਸ ਪੰਜਾਬ ਭਵਨ ਦੇ ਵਿਚ ਆ ਕੇ ਵਰਕਸ਼ਾਪ ਲਾਉਂਦੀ ਹੈ। ਮੈਡੀਕਲ ਸਪਲਾਈ ਯਾਨੀ ਫੇਜ਼ਰ ਹੈਲਥ, ਉਹ ਪੰਜਾਬ ਭਵਨ ਦੇ ਵਿੱਚ ਆ ਕੇ ਵਰਕਸ਼ਾਪ ਲਾਉਂਦੀ ਹੈ, ਲੋਕਾਂ ਨੂੰ ਅਵੇਅਰ ਕਰਦੀ ਹੈ ਬੀਮਾਰੀਆਂ ਪ੍ਰਤੀ। ਕਿਸੇ ਕੋਲੋਂ ਕੋਈ ਚਾਰਜ ਨਹੀਂ ਲਿਆ ਜਾਂਦਾ, ਸਾਰੇ ਦਾ ਸਾਰਾ ਖ਼ਰਚਾ, ਵੀਡੀਓਗ੍ਰਾਫੀ ਤੋਂ ਲੈ ਕੇ, ਸਾਊਂਡ ਸਿਸਟਮ ਤੋਂ ਲੈ ਕੇ, ਉਨ੍ਹਾਂ ਦੇ ਚਾਹ-ਪਾਣੀ, ਪਕੌੜੇ ਤੋਂ ਲੈ ਕੇ ਸਾਫ਼ ਸਫ਼ਾਈ ਤੋਂ ਲੈ ਕੇ, ਬੈੱਲ-ਬੱਤੀਆਂ, ਟੈਕਸੀਆਂ ਕਿਸੇ ਵੀ ਚੀਜ਼ ਦਾ ਇਕ ਨਵਾਂ ਪੈਸਾ ਕਿਸੇ ਤੋਂ ਨਹੀਂ ਲਿਆ ਜਾਂਦਾ। ਸੁੱਖੀ ਫਾਊਂਡੇਸ਼ਨ ਦੇ ਵਿਚ ਰਸੀਦ ਬੁੱਕ ਨਹੀਂ ਹੈ, ਉਨ੍ਹਾਂ ਨੇ 1996 ਤੋਂ ਲੈ ਕੇ ਕੋਈ ਰਸੀਦ ਨਹੀਂ ਕੱਟੀ ਕਦੇ, ਕੋਈ ਡੋਨੇਸ਼ਨ ਨਹੀਂ ਲੈਂਦੇ। ਸੁੱਖੀ ਬਾਠ



ਆਪਣੇ ਕੱਦ ਮੁਤਾਬਕ ਜਿੰਨਾ ਹੋ ਸਕੇ ਉਹਦੇ ਨਾਲ ਬਹੁਤ ਵਧੀਆ ਟਾਈਮ ਸਾਰ ਦਿੰਦੇ ਹਨ। ਇਸ ਵੇਲੇ ਪੰਜਾਬ ਭਵਨ ਲੈਂਡ ਦੀ ਦਸ ਮਿਲੀਅਨ ਡਾਲਰ ਦੀ ਵੈਲਿਊ ਹੈ ਅਤੇ ਉਸ ਨੂੰ ਚਲਾਉਣ ਦੀ ਔਸਤ ਲਾਗਤ, ਜਿਹਦੇ ਵਿਚ ਸਾਰੇ ਖ਼ਰਚੇ ਪਾ ਕੇ ਬਾਰਾਂ ਤੋਂ ਚੌਦਾਂ ਹਜ਼ਾਰ ਡਾਲਰ ਹਰ ਮਹੀਨੇ ਮਤਲਬ ਛੇ ਤੋਂ ਸੱਤ ਲੱਖ ਰੁਪਇਆ ਹਰ ਮਹੀਨੇ ਆਉਂਦਾ ਹੈ। 27 ਅਤੇ 28 ਅਕਤੂਬਰ 2018 ਨੂੰ ਸੁੱਖੀ ਬਾਠ ਅਤੇ ਟੀਮ ਵੱਲੋਂ ਪੰਜਾਬ ਭਵਨ ਵਿਚ ਇਕ ਖ਼ਾਸ ਸਮਾਗਮ ਰੱਖਿਆ ਗਿਆ ਸੀ। ਉਸ ਸਾਲ ਸੁੱਖੀ ਬਾਠ ਹੁਰਾਂ ਨੇ ਕਾਫ਼ੀ ਸੋਚ-ਵਿਚਾਰ ਕੀਤਾ ਸੀ ਕਿ ਇਸ ਸਾਲ ਕੀ ਕੀਤਾ ਜਾਵੇ। ਉਸ ਦੀ ਹਮੇਸ਼ਾ ਹੀ ਕੋਸ਼ਿਸ਼ ਰਹੀ ਹੈ ਕਿ ਸਮਾਜ ਦੀਆਂ ਕੁਰੀਤੀਆਂ ਨੂੰ ਦੂਰ ਕੀਤਾ ਜਾਵੇ। ਉਸ ਨੇ ਅਕਸਰ ਇਹ ਗੱਲ ਗੌਰ ਕੀਤੀ ਸੀ ਕਿ ਬੱਚਿਆਂ ਦੀ ਸੰਭਾਲ, ਬੱਚਿਆਂ ਨੂੰ ਡਾਈਰੈਕਸ਼ਨ ਦੇਣੀ, ਬੱਚਿਆਂ ਦੇ ਨਾਲ ਤਾਲਮੇਲ ਵਧਾਉਣਾ ਇਹ ਬਹੁਤ ਜ਼ਰੂਰੀ ਹੈ। ਕਿਉਂਕਿ ਅਕਸਰ ਅਸੀਂ ਦੇਖਦੇ ਹਾਂ ਕਿ ਫ਼ੰਕਸ਼ਨਾਂ ਵਿਚ ਨੌਜਵਾਨ ਕਦੇ ਵੀ ਨਜ਼ਰ ਨਹੀਂ ਆਉਂਦੇ । ਸੁੱਖੀ ਬਾਠ ਸੋਚਦਾ ਸੀ ਕਿ ਉਹ ਕਿਵੇਂ ਇਨ੍ਹਾਂ ਨੌਜਵਾਨਾਂ ਨੂੰ ਇਕੱਠਾ ਕਰੇ। ਇਸ ਲਈ ਉਸ ਨੇ ਸੋਚਿਆ ਕਿ ਉਸ ਨੂੰ ਸਭ ਤੋਂ ਜ਼ਿਆਦਾ ਬੱਚੇ ਕਿੱਥੇ ਮਿਲ ਸਕਦੇ ਹਨ, ਉਹ ਜਗ੍ਹਾ ਹੈ ਸਕੂਲ।

ਇਸ ਲਈ ਉਸ ਨੇ ਉੱਥੋਂ ਹੀ ਸ਼ੁਰੂਆਤ ਕੀਤੀ। ਉਸ ਨੇ ਸਰੀ ਸਕੂਲ ਬੋਰਡ ਨਾਲ ਮੀਟਿੰਗ ਸ਼ੁਰੂ ਕੀਤੀ, ਸਰੀ ਦੇ ਜਿੰਨੇ ਪ੍ਰਾਈਵੇਟ ਸਕੂਲ ਹਨ, ਉਨ੍ਹਾਂ ਸਾਰਿਆਂ


ਸੁੱਖੀ ਬਾਠ ਫਾਊਂਡੇਸ਼ਨ
(ਸਰੀ, ਕੈਨੇਡਾ)
ਕਾਵਿ-ਗੁਲਦਸਤਾ
ਮਾਂ ਬੋਲੀ ਦਾ ਰਸਤਾ!
ਕਲਮਾਂ ਬੋਲਦੀਆਂ
ਪੰਜਾਬੀ ਰਸ ਘੋਲ਼ਦੀਆਂ!



ਨਾਲ ਚਿੱਠੀ-ਪੱਤਰ ਕੀਤਾ , ਈਮੇਲਜ਼ ਵੀ ਕੀਤੀਆਂ, ਇਸ ਵਿਸ਼ੇ 'ਤੇ ਉਂਨ੍ਹਾਂ ਦੀਆਂ ਭਾਵਨਾਵਾਂ ਜਾਣੀਆਂ। ਖੁਸ਼ੀ ਦੀ ਗੱਲ ਇਹ ਹੈ ਕਿ ਸਕੂਲਾਂ ਦੇ ਪ੍ਰਿੰਸੀਪਲ ਬਹੁਤ ਖੁਸ਼ ਹੋਏ ਕਿ ਸੁੱਖੀ ਬਾਠ ਇਹ ਉਪਰਾਲਾ ਕਰਨ ਜਾ ਰਿਹਾ ਹੈ ਅਤੇ ਉਂਨ੍ਹਾਂ ਨੇ ਕਿਹਾ ਕਿ ਉਹ ਹਰ ਤਰ੍ਹਾਂ ਨਾਲ ਉਸ ਦਾ ਸਾਥ ਦੇਣਗੇ। ਇਕ ਵਾਰ ਇਕ ਪ੍ਰਿੰਸੀਪਲ ਸਾਹਿਬ ਨੇ ਸੁੱਖੀ ਬਾਠ ਜੀ ਨੂੰ ਇਹ ਗੱਲ ਕਹੀ ਸੀ ਕਿ ਸਾਡੇ ਘਰ ਦੇ ਵਿਚ ਅੱਗ ਲੱਗੀ ਹੋਈ ਹੈ, ਉਨ੍ਹਾਂ ਨੇ ਸਰੀ ਦਾ ਜ਼ਿਕਰ ਕੀਤਾ, ਡ੍ਰੱਗਜ਼ ਤੇ ਗੈਂਗ ਦਾ ਜ਼ਿਕਰ ਕੀਤਾ, ਉਨ੍ਹਾਂ ਨੇ ਕਿਹਾ ਕਿ ਮੁਸ਼ਕਲ ਇਹ ਹੈ ਕਿ ਸਾਰੇ ਇਹ ਪਤਾ ਕਰਨ ਤੇ ਲੱਗੇ ਹੋਏ ਹਨ ਕਿ ਅੱਗ ਕਿਹਨੇ ਲਾਈ ਹੈ ਤੇ ਬੁਝਾਉਣ ਦੀ ਕੋਸ਼ਿਸ਼ ਕੋਈ ਨਹੀਂ ਕਰਦਾ। ਉਸ ਪ੍ਰਿੰਸੀਪਲ ਸਾਹਿਬਾਨ ਨੇ ਸੁੱਖੀ ਨੂੰ ਕਿਹਾ ਕਿ ਪਹਿਲਾਂ ਅੱਗ ਬੁਝਾ ਲਈਏ, ਫਿਰ ਪਤਾ ਕਰਾਂਗੇ ਕਿ ਕਿਸ ਨੇ ਲਗਾਈ ਹੈ। ਇਸ ਗੱਲ ਦਾ ਸੁੱਖੀ ਬਾਠ ’ਤੇ ਬਹੁਤ ਅਸਰ ਹੋਇਆ। ਸੁੱਖੀ ਬਾਠ ਨੂੰ ਸਕੂਲਾਂ ਵੱਲੋਂ ਵਧੀਆ ਹੁੰਗਾਰਾ ਮਿਲਿਆ ਕਿ ਉਹ ਆਪਣੇ ਸਕੂਲਾਂ ਦੇ ਬੱਚੇ ਇਸ ਪੰਜਾਬ ਭਵਨ ਦੇ ਪ੍ਰੋਗ੍ਰਾਮ ਵਿਚ ਲੈ ਕੇ ਆਉਣਗੇ। ਫਿਰ ਦੂਸਰਾ ਸੀ ਉਸ ਵਿਚ ਮਾਂ-ਬਾਪ ਨੂੰ ਬੁਲਾਉਣਾ ਕਿਉਂਕਿ ਸੁੱਖੀ ਬਾਠ ਦੀ ਸੋਚ ਹੈ ਕਿ ਬੱਚਿਆਂ ਦੀ ਵੀ ਸੁਣਨੀ ਚਾਹੀਦੀ ਅਤੇ ਮਾਪਿਆਂ ਦੀ ਵੀ ਸੁਣਨੀ ਚਾਹੀਦੀ। ਇਸ ਲਈ ਪਹਿਲਾਂ ਬੱਚਿਆਂ, ਫਿਰ ਮਾਂ-ਬਾਪ ਅਤੇ ਉਸ ਤੋਂ ਬਾਅਦ ਪ੍ਰੋਫੈਸ਼ਨਲ ਬੁਲਾਰਿਆਂ ਨੂੰ ਸੁਣਨ ਦਾ ਪ੍ਰਬੰਧ ਕੀਤਾ ਗਿਆ। ਸੁੱਖੀ ਬਾਠ ਅਤੇ ਉਸ ਦੀ ਟੀਮ ਨੇ ਪੂਰੇ ਅਮਰੀਕਾ ਦੇ



ਵਿਚ ਭਾਲ ਕੀਤੀ ਅਤੇ ਨੌਰਥ ਅਮਰੀਕਾ ’ਚੋਂ ਵੱਖੋ-ਵੱਖਰੇ ਸ਼ਹਿਰਾਂ ’ਚੋਂ ਸਪੀਕਰਾਂ ਨੂੰ ਬੁਲਾਇਆ। ਇਸ ਤੋਂ ਬਾਅਦ ਸੁੱਖੀ ਬਾਠ ਨੇ ਮਾਪਿਆਂ ਨੂੰ ਸੱਦਾ ਦਿੱਤਾ ਅਤੇ 40 ਸਾਲ ਸਮਾਜ ਵਿਚ ਬਿਤਾਉਣ ਤੋਂ ਬਾਅਦ ਉਸ ਨੂੰ ਪੂਰਾ ਯਕੀਨ ਸੀ ਕਿ ਉਸ ਦੇ ਬੁਲਾਉਣ ਤੇ ਮਾਪੇ ਜ਼ਰੂਰ ਆਉਣਗੇ।

ਫਿਰ ਸਕੂਲ ਬੋਰਡ ਨੇ ਵੀ ਇਸ਼ਾਰਾ ਕੀਤਾ ਕਿ ਉਹ ਵੀ ਇਸ ਵਿਚ ਮਦਦ ਕਰ ਦੇਣਗੇ ਅਤੇ ਮਾਪਿਆਂ ਨੂੰ ਈ-ਮੇਲਾਂ ਵਗੈਰਾ ਘੱਲ ਦੇਣਗੇ। ਇਸ ਪ੍ਰੋਗ੍ਰਾਮ ਵਿਚ ਪਹਿਲਾਂ ਬੱਚਿਆਂ ਨੂੰ ਬੋਲਣ ਦਾ ਮੌਕਾ ਦਿੱਤਾ ਗਿਆ, ਫਿਰ ਮਾਪਿਆਂ ਨੂੰ ਅਤੇ ਫਿਰ ਵੱਖ-ਵੱਖ ਬੁਲਾਰਿਆਂ ਦੇ ਬੋਲਣ ਦਾ ਸ਼ਡਿਉਲ ਰੱਖਿਆ ਗਿਆ। ਦਸ-ਦਸ ਦੇ ਗਰੁੱਪਾਂ ਵਿਚ ਬਿਠਾ ਕੇ ਬੱਚਿਆਂ ਨੂੰ ਇਸ ਵਿਸ਼ੇ ਤੇ ਡਿਸਕਸ ਕਰਨ ਲਈ ਕਿਹਾ ਗਿਆ ਅਤੇ ਉਹ ਫਿਰ ਆਪਣਾ ਇਕ ਲੀਡਰ ਚੁਣਦੇ ਸਨ ਅਤੇ ਫਿਰ ਉਹ ਲੀਡਰ ਉਨ੍ਹਾਂ ਸਾਰਿਆਂ ਵੱਲੋਂ ਗੱਲ ਕਰਦਾ ਸੀ। ਫਿਰ ਬਹੁਤ ਸਾਰੇ ਬੱਚੇ ਅਜਿਹੇ ਸਨ ਜੋ ਨਸ਼ਿਆਂ ਅਤੇ ਹੋਰਨਾਂ ਬੁਰਾਈਆਂ ਵਿਚ ਪਏ ਸਨ, ਉਨ੍ਹਾਂ ਨੂੰ ਆਪਣਾ ਤਜਰਬਾ ਦੱਸਣ ਲਈ ਕਿਹਾ ਗਿਆ, ਤਾਂਕਿ ਉਨ੍ਹਾਂ ਤੋਂ ਸਬਕ ਲੈ ਕੇ ਨੌਜਵਾਨ ਆਪਣੀ ਜ਼ਿੰਦਗੀ ਬਰਬਾਦ ਹੋਣ ਤੋਂ ਬਚਾ ਸਕਣ। ਇਹ ਸਿਰਫ਼ ਇਕ ਉਪਰਾਲਾ ਸੀ ਜਿਸ ਬਾਰੇ ਅਸੀਂ ਗੱਲ ਕੀਤੀ, ਪਰ ਸੱਚ ਤਾਂ ਇਹ ਹੈ ਕਿ ਸੁੱਖੀ ਬਾਠ ਹਮੇਸ਼ਾ ਹੀ ਸਮਾਜ ਦੀ ਭਲਾਈ ਬਾਰੇ ਸੋਚਦਾ ਆਇਆ ਹੈ ਅਤੇ ਇਹ ਪੰਜਾਬ ਭਵਨ ਇਸ ਤਰ੍ਹਾਂ ਦੇ ਸਮਾਗਮ ਰੱਖਦਾ ਹੈ ਜਿਨ੍ਹਾਂ ਨਾਲ ਸਾਡਾ ਸਮਾਜ ਹਰ ਪੱਖੋਂ



ਬਿਹਤਰ ਬਣ ਸਕੇ। ਹਾਲ ਹੀ ਵਿੱਚ ਜਲੰਧਰ ਸ਼ਹਿਰ ਵਿੱਚ ਪੰਜਾਬ ਭਵਨ ਦਾ ਇੱਕ ਹੋਰ ਉਪ ਦਫ਼ਤਰ ਖੋਲ੍ਹਿਆ ਗਿਆ ਹੈ। ਇਹ ਦਫ਼ਤਰ 'ਕਾਵਿ-ਗੁਲਦਤਸਾ' ਅਤੇ 'ਕਲਮਾਂ ਬੋਲਦੀਆਂ' ਨਾਮਕ ਦੋ ਹਫ਼ਤਾਵਾਰੀ ਬਿਜਲ-ਰਸਾਲਿਆਂ ਨੂੰ ਬਾਖ਼ੂਬੀ ਪ੍ਰਕਾਸ਼ਿਤ ਕਰਦਾ ਹੈ। ਇਹ ਰਸਾਲੇ ਮਾਂ ਬੋਲੀ ਨੂੰ ਪ੍ਰਫੁੱਲਤ ਕਰਨ ਲਈ ਪੰਜਾਬ ਅਤੇ ਆਸ-ਪਾਸ ਦੇ ਖੇਤਰਾਂ ਵਿੱਚ ਕਵੀਆਂ, ਲੇਖਕਾਂ ਦੀਆਂ ਸਾਹਿਤਕ ਲੋੜਾਂ ਦਾ ਧਿਆਨ ਰੱਖ ਰਹੇ ਹਨ।





"ਸੁੱਖੀ ਬਾਠ ਇੱਕ ਉਸ ਸੂਈ ਵਾਂਗ ਹਨ ਜੋ ਮਾਂ ਬੋਲੀ ਦੀਆਂ ਨਿੱਤ ਨਵੀਂਆਂ ਪੋਸ਼ਾਕਾਂ ਸੀਉਂਦੀ ਹੈ। ਹਮੇਸ਼ਾ ਸੀਣਾ ਹੀ ਜਾਣੇ, ਗਲਤ ਸੀਤੇ ਨੂੰ ਉਧੇੜ ਟਾਂਕਾ ਲਗਾ ਠੀਕ ਵੀ ਕਰੇ। ਇਹ ਸੂਈ ਕਈਆਂ ਦੇ ਚੁੱਭੇ ਹੋਏ ਕੰਡੇ ਕੱਢਣ ਦਾ ਕੰਮ ਵੀ ਕਰੇ। ਸੱਭਿਆਚਾਰ ਦੇ ਧਾਗੇ ਨਾਲ ਜਨਮਾਂ ਜਨਮਾਂ ਦਾ ਸਾਥ ਹੈ ਉਸ ਦਾ! ਵਾਹ ਨੀ ਤੇਰੇ, ਪੰਜਾਬ ਭਵਨ ਦਰਜ਼ੀ ਦੀਏ ਸੂਈਏ, ਤੂੰ ਤਾਂ ਪੰਜਾਬੀਅਤ ਲਈ ਸੁਹਾਗ ਦੇ ਜੋੜੇ ਵੀ ਸੀਉਂਦੀ!"

ਐਸ਼




# ਸਾਰ-ਤੱਤ


ਸੁੱਖੀ ਬਾਠ ਫਾਊਂਡੇਸ਼ਨ
(ਸਰੀ, ਕੈਨੇਡਾ)
ਨਿੱਕੀ ਜਿਹੀ ਜ਼ਿੰਦਗੀ, ਇਹਨੂੰ ਰੱਜ ਰੱਜ ਮਾਣੋ
ਪਲ ਪਲ ਵਡਮੁੱਲਾ ਹੈ, ਖ਼ਜ਼ਾਨਾ ਇਹਨੂੰ ਜਾਣੋ
ਨਫ਼ਰਤਾਂ ਦੇ ਜ਼ਹਿਰ, ਦੂਰ-ਦੁਰਾਡੇ ਡੋਲ੍ਹ ਆਓ
ਪਿਆਰਾਂ ਵਾਲੇ ਜਾਮ ਘੋਲ਼, ਪੀਓ ਤੇ ਪਿਲਾਓ!
-ਸੁਖੀ ਬਾਠ



ਸੁੱਖੀ ਬਾਠ ਦਾ ਮੰਨਣਾ ਹੈ ਕਿ ਜ਼ਿੰਦਗੀ ਦੇ ਨਾਲ ਸ਼ੰਕਾ ਕਰ ਕੇ ਜ਼ਿੰਦਗੀ ਨਹੀਂ ਕੱਟੀ ਜਾ ਸਕਦੀ। ਉਸ ਨੂੰ ਆਪਣੀ ਜ਼ਿੰਦਗੀ ਦੇ ਨਾਲ ਕੋਈ ਸ਼ੰਕਾ ਨਹੀਂ ਹੈ। ਉਸ ਨੇ ਉਤਰਾਅ-ਚੜ੍ਹਾਅ ਵੀ ਵੇਖੇ ਹਨ ਅਤੇ ਉਹ ਉਤਰਾਅ-ਚੜ੍ਹਾਅ ਲਈ ਹਮੇਸ਼ਾ ਤਿਆਰ ਵੀ ਰਹਿੰਦਾ ਹੈ। ਉਹ ਇਕ ਹਾਂ ਪੱਖੀ ਇਨਸਾਨ ਹੈ ਨਾ ਕਿ ਨਾਂਹ ਪੱਖੀ। ਉਹ ਕਹਿੰਦਾ ਹੈ ਕਿ ਜ਼ਿੰਦਗੀ ਨਾਲ ਸ਼ੰਕਾ ਕਰ ਕੇ ਅਸੀਂ ਕੁਝ ਨਹੀਂ ਖੱਟ ਸਕਦੇ। ਉਸ ਦਾ ਮੰਨਣਾ ਹੈ ਕਿ ਜ਼ਿੰਦਗੀ ਵਾਹਿਗੁਰੂ ਨੇ ਦਿੱਤੀ ਹੈ ਅਤੇ ਉਹਦੀ ਰਜ਼ਾ ਦੇ ਵਿੱਚ ਰਹਿਣ ਵਿੱਚ ਹੀ ਭਲਾਈ ਹੈ। ਜੇ ਅੱਜ ਕਿਸੇ ਚੀਜ਼ ਦਾ ਨੁਕਸਾਨ ਹੋਇਆ ਹੈ, ਤਾਂ ਉਹਨੂੰ ਰਜ਼ਾ ਸਮਝ ਲਓ, ਜੇ ਅੱਜ ਕੋਈ ਨਫ਼ਾ ਹੋਇਆ, ਤਾਂ ਉਹ ਵੀ ਇਕ ਰਜ਼ਾ ਹੈ। ਨੁਕਸਾਨ ਵੇਲੇ ਵੀ ਉੱਥੇ ਹੀ ਰਹਿਣਾ ਹੈ ਤੇ ਨਫ਼ੇ ਵੇਲੇ ਵੀ ਉੱਥੇ ਹੀ ਰਹਿਣਾ ਹੈ। ਇਹੀ ਇਕ ਜ਼ਿੰਦਗੀ ਹੈ। ਸ਼ੰਕਾ ਨਾਲ ਜ਼ਿੰਦਗੀ ਨਹੀਂ ਕੱਟਦੀ ਜਾਂ ਹਰੇਕ ਮਿੰਟ-ਮਿੰਟ ਬਾਅਦ ਇਹ ਕਹੀ ਜਾਣਾ ਬਈ ਮੈਨੂੰ ਐਸ ਚੀਜ਼ ਦੀ ਘਾਟ ਹੈ, ਮੈਂ ਜ਼ਿੰਦਗੀ ਵਿੱਚ ਫੇਲ੍ਹ ਹੋ ਗਿਆ ਹਾਂ, ਸਾਡੇ ਵਿੱਚੋਂ ਕੋਈ ਵੀ ਪਰਫੈਕਟ ਨਹੀਂ ਹੈ। ਸਾਡੇ ਵਿਚ ਬੜੀਆਂ ਊਣਤਾਈਆਂ ਹਨ। ਸੁੱਖੀ ਬਾਠ ਕਹਿੰਦਾ ਹੈ ਕਿ ਉਸ ਵਿਚ ਵੀ ਬੜੀਆਂ ਊਣਤਾਈਆਂ ਹਨ, ਪਰ ਉਹ ਕੋਸ਼ਿਸ਼ ਕਰ ਰਿਹਾ ਹੈ, ਸਿੱਖ ਰਿਹਾ ਹੈ, ਜਾਂਚ ਰਿਹਾ ਹੈ। ਜੇ ਅਸੀਂ ਸਾਰੇ ਵੀ ਇਸ ਤਰ੍ਹਾਂ ਕਰਾਂਗੇ ਤਾਂ ਬਿਨਾਂ ਸ਼ੱਕ ਜ਼ਿੰਦਗੀ ਵਧੀਆ ਤੋਂ ਵਧੀਆ ਹੁੰਦੀ ਜਾਵੇਗੀ। ਸੁੱਖੀ ਬਾਠ ਨੂੰ ਇਸ ਗੱਲ ਦੀ ਬੜੀ ਖ਼ੁਸ਼ੀ ਹੈ ਕਿ ਉਸ ਨੇ ਆਪਣੇ ਗੋਲ ਪੂਰੇ ਕਰ ਲਏ ਹਨ ਅਤੇ ਉਹ ਆਪਣੇ ਗੋਲਾਂ ਨੂੰ ਐਕਸਟੈਂਡ ਨਹੀਂ


ਸੁੱਖੀ ਬਾਠ ਫਾਊਂਡੇਸ਼ਨ
(ਸਰੀ, ਕੈਨੇਡਾ)
“ਗੱਲ ਹੁੰਦੀ ਹੈ ਜਦ ਵੀ ਪਰਵਾਸੀ ਪੰਜਾਬੀ ਸੱਭਿਆਚਾਰ ਦੀ
ਝੁੱਗੀ ਝੌਂਪੜੀਆਂ ਵਾਲ਼ਿਆਂ ਤਾਈਂ ਕਿਸੇ ਦਾਨੀ ਵਿਵਹਾਰ ਦੀ
ਗਰੀਬਾਂ ਦੀਆਂ ਧੀਆਂ ਦੀ ਡੋਲੀ ਉਠਾਉਣ ਵਾਲੇ ਕੁਹਾਰ ਦੀ
ਸੱਭ ਤੋਂ ਵੱਡੇ ਉਹਦੇ ਹਥਿਆਰ, ਮਨੁੱਖਤਾ ਨਾਲ ਪਿਆਰ ਦੀ
ਪੰਜਾਬੀ ਮਾਂ ਬੋਲੀ ਨੂੰ ਕਿੱਦਾਂ ਸੰਭਾਲ਼ੀਏ, ਸੁਘੜ ਵਿਚਾਰ ਦੀ
ਯਾਦ ਆਵੇ, ਪੰਜਾਬ ਭਵਨ ਤੇ ਸੁੱਖੀ ਬਾਠ ਦੇ ਕਿਰਦਾਰ ਦੀ”
—ਐਸ਼



ਕਰੇਗਾ ਯਾਨੀ ਉਹ ਜ਼ਿੰਦਗੀ ਵਿਚ ਹੋਰ ਗੋਲ ਨਹੀਂ ਰੱਖੇਗਾ। ਜੀ ਹਾਂ, ਕਿਸੇ ਹੱਦ 'ਤੇ ਵੀ ਨਹੀਂ, ਕਿਸੇ ਕੀਮਤ 'ਤੇ ਵੀ ਨਹੀਂ। ਬਿਜ਼ਨਿਸ ਦੇ ਵਿੱਚੋਂ ਤਕਰੀਬਨ-ਤਕਰੀਬਨ ਰੀਟਾਇਰ ਹੋ ਚੁੱਕਾ ਹੈ। ਹੁਣ ਉਸ ਦੇ ਬੱਚੇ ਉਸ ਦਾ ਕਾਰੋਬਾਰ ਸੰਭਾਲਦੇ ਹਨ। ਸੁੱਖੀ ਬਾਠ ਦਾ ਮੰਨਣਾ ਹੈ ਕਿ ਮਾਇਆ ਦੀ ਨਗਰੀ ਦੀ ਭੁੱਖ ਸਭ ਤੋਂ ਜ਼ਾਲਮ ਚੀਜ਼ ਹੈ। ਉਹ ਸਾਨੂੰ ਅਸਲ ਵਿਚ ਪਰੇਸ਼ਾਨ ਬਹੁਤ ਕਰਦੀ ਹੈ। ਉਸ ਦਾ ਮੰਨਣਾ ਹੈ ਕਿ ਸਾਡੇ ਪੰਜਾਬੀਆਂ ਵਿਚ ਇਹ ਬਹੁਤ ਵੱਡੀ ਘਾਟ ਹੈ ਕਿ ਅਸੀਂ ਜੋ ਟੀਚੇ ਹਾਸਲ ਕਰ ਲੈਂਦੇ ਹਾਂ ਉਸ ਤੋਂ ਬਾਅਦ ਫਿਰ ਤੋਂ ਟੀਚੇ ਮਿਥ ਲੈਂਦੇ ਹਾਂ ਅਤੇ ਇਹ ਸਿਲਸਿਲਾ ਚੱਲਦਾ ਹੀ ਰਹਿੰਦਾ ਹੈ। ਫਿਰ ਪੰਜ ਸਾਲ, ਦਸ ਸਾਲ ਉਹਦੇ ਵਿਚ ਹੀ ਨਿਕਲ ਜਾਂਦੇ ਹਨ। ਇਹ ਹੀ ਨਹੀਂ, ਜਿਨ੍ਹਾਂ ਦੀ ਉਮਰ 60, 70, 80 ਸਾਲ ਹੋ ਗਈ ਹੈ, ਉਹ ਫਿਰ ਟੀਚੇ ਸੋਚੀ ਜਾ ਰਹੇ ਹਨ। ਪਰ ਸੁੱਖੀ ਬਾਠ ਕਹਿੰਦਾ ਹੈ ਕਿ ਉਸ ਨੇ ਜਿਹੜੇ ਮੁਕਾਮ ਹਾਸਲ ਕਰਨੇ ਸਨ, ਕਰ ਚੁੱਕਾ ਹੈ, ਹੁਣ ਉਸ ਦਾ ਬਸ ਇਕ ਮਕਸਦ ਹੈ ਕਿ ਉਹ ਆਪਣੇ ਇਸ ਭਾਈਚਾਰੇ ਨੂੰ ਰੱਜ ਕੇ ਮੁਹੱਬਤ ਵੰਡੇ ਤੇ ਰੱਜ ਕੇ ਵਾਪਸ ਉਨ੍ਹਾਂ ਤੋਂ ਮੁਹੱਬਤ ਲਵੇ, ਉਸ ਵਿਚ ਜਿੰਨੇ ਵੀ ਔਗੁਣ ਹਨ ਉਨ੍ਹਾਂ ਨੂੰ ਦੂਰ ਕਰ ਕੇ ਇਕ ਵਧੀਆ ਸਮਾਜ ਸਿਰਜਦਾ ਰਹੇ। ਸੁੱਖੀ ਵਾਹਿਗੁਰੂ ਨੂੰ ਹਮੇਸ਼ਾ ਇਹ ਕਹਿੰਦਾ ਹੈ ਕਿ ਲੈ ਜਦੋਂ ਮਰਜ਼ੀ ਜਾਈਂ, ਪਰ ਬਾਅਦ ਵਿਚ ਬਹੁਤ ਸਾਰਿਆਂ ਦੇ ਦਿਲਾਂ ਵਿਚ ਕਾਫ਼ੀ ਟਾਈਮ ਤਕ ਉਹ ਵਿਚਰਦਾ ਰਹੇ, ਵੱਸਦਾ ਰਹੇ, ਇਹੀ ਕੋਸ਼ਿਸ਼ ਹੈ ਸਾਡੇ ਆਪਣੇ ਸੁੱਖੀ ਬਾਠ ਦੀ।




# ਸੁੱਖੀ ਬਾਠ ਦੀਆਂ ਪ੍ਰੇਰਣਾਦਾਇਕ ਕਹਾਵਤਾਂ

1. ਪੰਜਾਬੀ ਭਾਸ਼ਾ ਨੂੰ ਉਤਸਾਹਤ ਕਰਨ ਵਾਲੀਆਂ ਕਹਾਵਤਾਂ

੨. ਪੰਜਾਬ ਪਿਆਰ ਦੀਆਂ ਕਹਾਵਤਾਂ

3. ਸਮਾਜ ਭਲਾਈ ਦੇ ਕੰਮ ਦੀਆਂ ਕਹਾਵਤਾਂ

4. ਆਮ ਜੀਵਨ ਦੀਆਂ ਸਬਕ-ਕਹਾਵਤਾਂ

5. ਵਪਾਰ ਅਤੇ ਕਾਰੋਬਾਰ ਪ੍ਰਬੰਧਨ ਕਹਾਵਤਾਂ

**ਸੁੱਖੀ ਬਾਠ ਦੀ ਸ਼ਖ਼ਸੀਅਤ ਅਤੇ ਉਨ੍ਹਾਂ ਦੇ ਨਾਂ ਨੂੰ ਢੁਕਦੀਆਂ ਕਹਾਵਤਾਂ..., ਨਹੀਂ-ਨਹੀਂ ਬਲਕਿ ਸੁਖਾਵਤਾਂ**, ਜੋ ਇਸ ਕਿਤਾਬ ਦਾ ਇਕ ਮੁੱਖ ਅਧਿਆਇ ਹੈ, ਆਪ ਜੀ ਦੇ ਰੂ-ਬ-ਰੂ ਕਰਦਿਆਂ ਮੈਨੂੰ ਮਾਣ ਮਹਿਸੂਸ ਹੋ ਰਿਹਾ ਹੈ। ਮੈਂ ਸਮਝਦਾ ਹਾਂ ਕਿ ਇਹ ਉਪਰਾਲਾ ਉਨ੍ਹਾਂ ਦੀ ਸਮੁੰਦਰ ਰੂਪੀ ਸ਼ਖ਼ਸੀਅਤ ਵਿੱਚੋਂ ਇਕ ਪਿਆਲਾ ਕੱਢਣ ਦੇ ਸਮਾਨ ਹੈ। ਪਰ ਇਹ ਸਾਨੂੰ ਅਣ-ਮੁੱਲੀਆਂ ਗੱਲਾਂ ਨਾਲ ਮਾਲਾ-ਮਾਲ ਕਰੇਗਾ, ਇਸ ਦਾ ਮੈਨੂੰ ਪੂਰਾ ਯਕੀਨ ਹੈ, ਕਿਉਂਕਿ ਉਨ੍ਹਾਂ ਦੀ ਜ਼ਿੰਦਗੀ ਹਰ ਇਨਸਾਨ ਨੂੰ ਜ਼ਿੰਦਗੀ ਜੀਉਣ ਦਾ ਹੀ ਢੰਗ ਸਿਖਾਉਂਦੀ ਹੈ। ਇਹ ਕਿਤਾਬ ਸੁੱਖੀ ਬਾਠ ਦੇ ਪੰਜਾਬ, ਪੰਜਾਬੀ ਭਾਸ਼ਾ ਅਤੇ ਪੰਜਾਬੀਅਤ ਨੂੰ ਦਿੱਤੀ ਦੇਣ ਦਾ ਇਕ ਛੋਟਾ ਜਿਹਾ ਪ੍ਰਤਿਬਿੰਬ ਹੈ।

ਸੁੱਖੀ ਬਾਠ ਦਾ ਜੀਵਨ ਸਾਡੇ ਸਾਰਿਆਂ ਲਈ ਇਕ ਪ੍ਰੇਰਣਾਸ੍ਰੋਤ ਹੈ। ਉਸ ਦਾ ਜੀਵਨ ਕੁੱਜੇ ਵਿਚ ਸਮੁੰਦਰ ਸਮੇਟਣ ਵਾਂਗ ਹੈ। ਜੀ ਹਾਂ, ਜੇ ਅਸੀਂ ਉਸ ਦੀ ਜੀਵਨ ਨੂੰ ਕੁਝ ਸ਼ਬਦਾਂ ਵਿਚ ਦਰਸਾਉਣਾ ਹੋਵੇ, ਤਾਂ ਸਾਡੀ ਮਾਂ-ਬੋਲੀ ਪੰਜਾਬੀ ਵਿਚ ਰਚੀਆਂ ਜਾ ਸਕਣ ਵਾਲੀਆਂ ਕਹਾਵਤਾਂ ਸਾਡੀ ਬਹੁਤ ਮਦਦ ਕਰਨਗੀਆਂ।

ਕਹਾਵਤਾਂ ਦਾ ਸੰਬੰਧ, ਸਿੱਖਿਆ ਨੂੰ ਸੁਧਾਰਨ, ਝਿੜਕਣ, ਜਾਂ ਤਾੜਨ ਨਾਲ ਜੋੜਿਆ ਜਾਂਦਾ ਹੈ। ਇਕ ਵਿਦਵਾਨ ਦੇ ਅਨੁਸਾਰ, ਕਹਾਵਤਾਂ ਦਾ "ਮਤਲਬ ਹੈ ਨੈਤਿਕ ਤੌਰ ਤੇ ਸਿਖਲਾਈ ਦੇਣੀ, ਜਿਸ ਰਾਹੀਂ ਉਹ ਝੁਕਾਅ ਸੁਧਾਰੇ ਜਾ ਸਕਦੇ ਸਨ ਜੋ ਸ਼ਾਇਦ ਗ਼ਲਤ ਕੰਮਾਂ ਜਾਂ ਵਿਚਾਰਾਂ ਵੱਲ ਲੈ ਜਾਣ।" ਭਾਵੇਂ ਅਸੀਂ ਆਪ ਸਿੱਖਿਆ ਪ੍ਰਾਪਤ ਕਰੀਏ ਜਾਂ ਦੂਸਰੇ ਸਾਨੂੰ ਸਿਖਾਉਣ, ਇਹ ਸਾਨੂੰ ਨਾ ਸਿਰਫ਼

ਗ਼ਲਤ ਕੰਮਾਂ ਤੋਂ ਬਚਾਉਣਗੀਆਂ, ਪਰ ਇਹ ਸਾਨੂੰ ਬਿਹਤਰ ਵਿਅਕਤੀ ਬਣਨ ਲਈ ਵੀ ਪ੍ਰੇਰਿਤ ਕਰਨਗੀਆਂ। ਹਾਂ, ਜੇ ਅਸੀਂ ਨੈਤਿਕ ਤੌਰ 'ਤੇ ਸ਼ੁੱਧ ਰਹਿਣਾ ਚਾਹੁੰਦੇ ਹਾਂ ਤਾਂ ਸਾਨੂੰ ਸਿੱਖਿਆ ਦੀ ਲੋੜ ਹੈ। ਸੁੱਖੀ ਬਾਠ ਜੀ ਨੇ ਆਪਣੇ ਜ਼ਿੰਦਗੀ ਜੀਉਣ ਦੇ ਢੰਗ ਨਾਲ ਇਨ੍ਹਾਂ ਸਬਕ-ਕਹਾਵਤਾਂ ਨੂੰ ਸਾਕਾਰ ਕਰ ਦਿੱਤਾ ਹੈ:

ਮਿਸਾਲ ਲਈ:

ਜ਼ਿੰਦਗੀ ਦੇ ਆਸਮਾਨ ਉੱਤੇ
ਜੇ ਅੱਜ ਘੋਰ ਬੱਦਲ ਚੜ੍ਹ ਆਏ ਨੇ
ਫਿਰ ਕੀ ਹੋਇਆ, ਦਿਲ ਰੱਖ
ਕਿਉਂ ਬੁੱਲ ਐਵੇਂ ਲਟਕਾਏ ਨੇ

ਜੀ ਹਾਂ, ਸੁੱਖੀ ਬਾਠ ਨੇ ਕਦੇ ਵੀ ਆਪਣੇ ਜੀਵਨ ਦੀਆਂ ਨਿਰਾਸਤਾਵਾਂ ਨੂੰ ਪਿਛਾਂਹ ਖਿੱਚੂ ਵਲਵਲਿਆਂ ਵਿਚ ਬਦਲਣ ਨਹੀਂ ਦਿੱਤਾ, ਸਗੋਂ ਖ਼ੁਦ ਦੀ ਸਕਾਰਤਮਕ ਮਿਸਾਲ ਦੂਜਿਆਂ ਨੂੰ ਜ਼ਿੰਦਗੀ ਦੀ ਘਾਲਣਾ ਘਾਲਣੀ ਸਿਖਾਈ। ਉਪਰੋਕਤ ਕਹਾਵਤ ਵਿਚ ਨੈਤਿਕ ਸਿੱਖਿਆ ਅਤੇ ਮਾਨਸਿਕ ਯੋਗਤਾ ਦੇ ਕਈ ਪਹਿਲੂ ਹਨ। ਮਿਸਾਲ ਲਈ, ਧਾਰਮਿਕਤਾ ਅਤੇ ਨਿਆਂ ਨੈਤਿਕ ਗੁਣ ਹਨ ਅਤੇ ਇਹ ਸਾਨੂੰ ਪਰਮਾਤਮਾ ਦੇ ਉੱਚੇ ਮਿਆਰਾਂ ਦੇ ਅਨੁਸਾਰ ਚੱਲਣ ਵਿਚ ਮਦਦ ਦਿੰਦੇ ਹਨ। ਹੋ ਸਕਦਾ ਹੈ ਕਿ ਇਕ ਕਹਾਵਤ ਵਿਚ ਸਿਖਾਂਦਰੂ ਸ਼ਬਦ ਜਾਂ ਤਸਵੀਰੀ ਭਾਸ਼ਾ ਵੀ ਵਰਤੀ ਜਾਵੇ। ਇਨ੍ਹਾਂ ਨੂੰ ਸਮਝਣ ਵਾਸਤੇ ਸਮਾਂ ਲੱਗਦਾ ਹੈ ਅਤੇ ਇਨ੍ਹਾਂ ਉੱਤੇ ਮਨਨ ਕਰਨ ਦੀ ਜ਼ਰੂਰਤ ਹੈ। ਸੁੱਖੀ ਬਾਠ ਨੇ ਵੀ ਆਪਣੇ

ਜੀਵਨ ਤੋਂ ਇਨ੍ਹਾਂ ਗੱਲਾਂ ਦੀ ਸੱਚਾਈ ਨੂੰ ਸਾਰਥਕ ਕੀਤਾ ਕਿ ਉਹ ਹਮੇਸ਼ਾ ਨੈਤਿਕ ਕਦਰਾਂ-ਕੀਮਤਾਂ ਦੀ ਅਹਿਮੀਅਤ ਸਮਝਾ ਆਇਆ ਹੈ ਅਤੇ ਉਸ ਨੇ ਸਮਝਦਾਰੀ ਦਾ ਬਹੁਤ ਵੱਡਾ ਸਬੂਤ ਦਿੱਤਾ ਹੈ। ਕਹਾਵਤਾਂ ਬਾਰੇ ਕਿਹਾ ਜਾਂਦਾ ਹੈ ਕਿ ਇਸ ਨਾਲ ਕਹੀ ਗਈ ਗੱਲ ਦਾ ਵਜ਼ਨ ਵਧਾਇਆ ਜਾ ਸਕਦਾ ਹੈ, ਦੂਜੇ ਸ਼ਬਦਾਂ ਵਿਚ ਕਹੀਏ, ਤਾਂ ਇਸ ਨਾਲ ਸਾਡੀ ਗੱਲਬਾਤ ਜ਼ਿਆਦਾ ਅਸਰਦਾਰ ਬਣਦੀ ਹੈ। ਇਸ ਨਾਲ ਸਾਡੇ ਵਿਚਾਰਾਂ, ਵਿਸ਼ਵਾਸਾਂ ਅਤੇ ਦਾਅਵਿਆਂ ਨੂੰ ਆਵਾਜ਼ ਮਿਲਦੀ ਹੈ। ਕਹਾਵਤਾਂ ਦੀ ਮਦਦ ਨਾਲ ਅਸੀਂ ਆਪਣੀ ਗੱਲ ਨੂੰ ਘੱਟ ਸ਼ਬਦਾਂ ਵਿਚ ਕਹਿ ਸਕਦੇ ਹਾਂ ਜਿਸ ਨੂੰ ਯਾਦ ਰੱਖਣਾ ਆਸਾਨ ਹੁੰਦਾ ਹੈ। ਪਰਿਵਾਰ ਰਿਸ਼ਤਿਆਂ ਦੀ ਮਹੱਤਤਾ ਨੂੰ ਹਮੇਸ਼ਾ ਯਾਦ ਰੱਖਦਿਆਂ, ਸੁੱਖੀ ਬਾਠ ਨੇ ਹਮੇਸ਼ਾ ਆਪਣੇ ਮਾਤਾ-ਪਿਤਾ ਨੂੰ ਮਾਣ ਬਖ਼ਸ਼ਿਆ। ਉਨ੍ਹਾਂ ਦੇ ਵਿਯੋਗ ਨੇ ਸੁੱਖੀ ਦਾ ਦਿਲ ਵੀ ਦੁਖਾਇਆ। ਸ਼ਾਇਦ ਇਹ ਸਤਰਾਂ ਉਸ ਦੇ ਹੀ ਭਾਵ ਹਨ:

ਇਹ ਅਸਥੀਆਂ ਨਹੀਂ ਬਾਪੂ
ਮਹਾਨ ਵਿਚਾਰਾਂ ਦੇ ਬੀਜ ਨੇ
ਪੀੜ੍ਹੀ ਦਰ ਪੀੜ੍ਹੀ ਉੱਗਣ ਜੋ
'ਧਰਤ ਮਾਂ' ਨੂੰ ਹੋਏ ਅਜ਼ੀਜ਼ ਨੇ

ਇਕ ਹੋਰ ਭਾਵ ਦੇਖੋ:

ਬੁਢੇਪੇ ਵਿੱਚ ਮਾਪਿਆਂ ਦੇ ਕੋਲ ਹੋ, ਤਾਂ ਕਰਮਾਂ ਵਾਲੇ ਓ
ਸੇਵਾ ਕਰਦੇ ਹੋ ਵਡੇਰਿਆਂ ਦੀ, ਤਾਂ ਕੁਛ ਧਰਮਾਂ ਵਾਲੇ ਓ
ਯਾਦ ਰਹੇ ਬਜ਼ੁਰਗ ਤਾਂ, ਅਸੀਂ ਵੀ ਇਕ ਦਿਨ ਹੋਣਾ ਹੈ
ਵੱਢਾਂਗੇ ਫ਼ਸਲ ਉਹੀ, ਜੋ ਬੀਜ ਆਖ਼ਰ ਨੂੰ ਬੋਣਾ ਹੈ!

ਦੂਜਿਆਂ ਲਈ, ਪ੍ਰੇਰਣਾਦਾਇਕ ਕਹਾਵਤਾਂ ਉਨ੍ਹਾਂ ਦੇ ਜੀਵਨ ਵਿੱਚ ਬਹੁਤ ਵੱਡਾ ਯੋਗਦਾਨ ਪਾਉਂਦੀਆਂ ਹਨ, ਇਹ ਉਹ ਲੋਕ ਹਨ ਜੋ ਉਨ੍ਹਾਂ ਕਹਾਵਤਾਂ ਜਾਂ ਹਵਾਲਿਆਂ ਦਾ ਪੂਰਾ ਲਾਭ ਲੈਂਦੇ ਹਨ ਜੋ ਉਹ ਰੋਜ਼ਾਨਾ ਪੜ੍ਹਦੇ ਹਨ। ਉਹ ਇਨ੍ਹਾਂ ਦੀ ਵਰਤੋਂ ਕਿਵੇਂ ਕਰਦੇ ਹਨ, ਉਨ੍ਹਾਂ ਵਿੱਚ ਕੀ ਦੇਖਦੇ ਹਨ, ਉਨ੍ਹਾਂ ਨੂੰ ਕਿੱਥੇ ਲਾਗੂ ਕਰਦੇ ਹਨ, ਇਹ ਮੁੱਖ ਸਵਾਲ ਹਨ।

ਸੁੱਖੀ ਬਾਠ ਨੇ ਪੰਜਾਬ ਅਤੇ ਪੰਜਾਬੀ ਮਾਂ-ਬੋਲੀ ਨੂੰ ਇੰਨਾ ਪਿਆਰ ਕੀਤਾ ਕਿ ਉਸ ਨੇ ਆਪਣਾ ਆਪਾ ਪੰਜਾਬੀਅਤ ਲਈ ਵਾਰ ਦਿੱਤਾ ਅਤੇ ਇਸ ਦੇ ਵਾਧੇ ਲਈ ਬਹੁਤ ਸਾਰੇ ਉਪਰਾਲੇ ਕੀਤੇ। ਉਨ੍ਹਾਂ ਦਾ ਦੇਣ ਸ਼ਾਇਦ ਹੀ ਅਸੀਂ ਦੇ ਪਾਈਏ। ਅਸੀਂ ਇਨ੍ਹਾਂ ਬੋਲਾਂ ਨਾਲ ਸੁੱਖੀ ਬਾਠ ਦੇ ਪੰਜਾਬੀ ਮਾਂ-ਬੋਲੀ ਲਈ ਪਿਆਰ ਨੂੰ ਦਰਸਾ ਸਕਦੇ ਹਾਂ:

ਪੰਜਾਬੀਅਤ ਦੇ ਫੁੱਲ ਪੈਣਗੇ
ਖ਼ੁਸ਼ਬੂਆਂ ਸਾਡੇ ਬੱਚੇ ਲੈਣਗੇ
ਸਿੰਜਦੇ ਰਹਿਣਾ ਹੈ ਸਾਡਾ ਕੰਮ
ਮਾਂ ਬੋਲੀ ਦੇ ਬਾਗੀਂ ਬਹਿਣਗੇ
ਨਿਰੰਤਰ ਫੇਰਾ ਵੱਜਦਾ ਰਹੇ
ਵੇਖਣਾ, ਸੁੱਕਣ ਨਾ ਦੇਣਾ ਫੁੱਲਾਂ ਨੂੰ
ਜੇ ਰਾਖੀ ਨਾ ਕੀਤੀ ਮਾਲੀ ਬਣ
ਕਿਸੇ ਨਹੀਂ ਬਖ਼ਸ਼ਣਾ ਭੁੱਲਾਂ ਨੂੰ

ਇਕ ਹੋਰ ਭਾਵ:

ਕੁਛ ਅਜਿਹਾ ਕਰੀਏ ਮਾਂ-ਬੋਲੀ ਲਈ
ਇਹਦੇ ਸੁਫ਼ਨੇ ਸਾਕਾਰ ਹੋ ਪੁੱਗਣ,
ਸਾਡੇ ਮਗਰੋਂ ਵੀ ਸਾਡੀ ਮਿੱਟੀ 'ਚੋਂ
ਪੰਜਾਬੀਅਤ ਦੇ ਭੁੱਲ ਪਏ ਉੱਗਣ!

ਉਸ ਦਾ ਪੰਜਾਬ ਲਈ ਪਿਆਰ ਵੀ ਉਛਾਲੇ ਖਾਂਦਾ ਹੈ:

ਮਾਝਾ ਹੋਵੇ, ਜਾਂ ਮਾਲਵਾ,
ਜਾਂ ਫਿਰ ਹੋਵੇ ਦੋਆਬਾ
ਸਭ ਅਦੀਬਾਂ ਸਤਿਕਾਰ ਹੈ
ਲਿਖੀ ਜਾ ਮੇਰਿਆ ਪੰਜਾਬਾ!

ਉਨ੍ਹਾਂ ਨੇ ਪੰਜਾਬੀ ਮਾਂ-ਬੋਲੀ ਦੇ ਵਿਕਾਸ ਅਤੇ ਵਿਸਥਾਰ ਲਈ ਕਈ ਉਪਰਾਲੇ ਕੀਤੇ ਜਿਨ੍ਹਾਂ ਵਿੱਚੋਂ ਪੰਜਾਬ ਭਵਨ ਵੀ ਇਕ ਹੈ। ਸੁੱਖੀ ਬਾਠ ਦੇ ਉਸ ਉਪਰਾਲੇ ਲਈ ਬੱਸ ਇਹੀ ਕਿਹਾ ਜਾ ਸਕਦਾ ਹੈ:

ਜਿੱਥੇ ਯਾਦ ਆਉਂਦੀ ਹੈ
ਗੋਦ ਮਾਂ-ਬੋਲੀ ਦੀ

ਨਾਲੇ ਸਬਕ ਮਿਲਦਾ
ਮਾਂ ਨੀਂ ਕਦੀ ਰੋਲੀ ਦੀ
ਜਿੱਥੇ ਚੜ੍ਹ ਤਖ਼ਤ ਮਾਂ
ਫੱਬ-ਫੱਬ ਪੈਂਦੀ ਏ
ਮੇਰੀ ਅਗੋਸ਼ 'ਚ ਆਓ
ਸੱਭਨਾਂ ਕਹਿੰਦੀ ਏ
ਜਿੱਥੇ ਅਸਲ ਅਹਿਸਾਸ
ਬੋਲੀ ਦੀ ਮਿਠਾਸ ਦਾ ਹੋਵੇ
ਮਾਂ ਤੋਂ ਦੂਰ ਕਿਉਂ ਹੋਏ
ਫੁੱਟ-ਫੁੱਟ ਦਿਲ ਰੋਵੇ
ਜਿੱਥੇ ਸਾਹਿਤ ਦੇ ਯੱਗ
ਲਿਖਾਰੀ ਰਚਾਉਂਦੇ ਨੇ
ਪੰਜਾਬ ਭਵਨ, ਸਰੀ ਨੂੰ
ਮਸਤਕ ਨਿਵਾਉਂਦੇ ਨੇ

ਇਕ ਹੋਰ ਭਾਵ:

ਪੰਜਾਬੀ ਭਵਨ ਦੇ ਵਿਹੜੇ ਦੇ ਵਿਚ
ਕਵਿਤਾਵਾਂ-ਕੁੜੀਆਂ ਗਿੱਦਾ ਪਾਉਣ
ਸਭਿਆਚਾਰ ਦੀ ਫੇਰੀ ਕੱਢ ਕੇ
ਮਾਂ-ਬੋਲੀ ਦਾ ਦਿਲ ਪਰਚਾਉਣ

ਕਿਤਾਬਾਂ-ਮਾਂਵਾਂ, ਖੁਸ਼ੀ ਵਿੱਚ ਝੂਮਣ
ਸਾਹਿਤ-ਸੁਹਾਗ ਦੀ ਘੋੜੀ ਗਾਉਣ
ਵੀਰਾ-ਵਿਰਸਿਆ, ਸਜਾ ਲੈ ਸਿਹਰਾ
ਚੱਲੀਏ ਪੰਜਾਬੀਅਤ ਲਾੜੀ ਵਿਆਹੁਣ

ਸੁੱਖੀ ਬਾਠ ਦੇ ਉਪਰਾਲਿਆਂ ਪ੍ਰਤੀ ਕਦਰਦਾਨੀ ਜ਼ਾਹਰ ਕਰਨ ਦਾ ਇਕ ਹੋਰ ਯਤਨ:

ਨਹੀਂ ਰੀਸਾਂ, ਵੀਰੋ
ਪੰਜਾਬ ਭਵਨਾਂ ਦੀਆਂ...
ਰਚਾਏ ਸਾਹਿਤਕ-ਯੱਗ
ਤੇ ਹਵਨਾਂ ਦੀਆਂ...
ਆਓ ਛਕੋ ਪੰਜਾਬੀਅਤ
ਦਾ ਪਰਸ਼ਾਦਾ...
ਵਿਰਸੇ ਦੀ ਨਿਭਾਓ
ਮਾਣ-ਮਰਯਾਦਾ...

ਸੁੱਖੀ ਬਾਠ ਨੇ ਵਪਾਰਕ ਸਫ਼ਲਤਾ ਦੀਆਂ ਸਿਖਰਾਂ ਨੂੰ ਛੂਹਿਆ ਹੈ, ਪਰ ਇਸ ਦੇ ਬਾਵਜੂਦ ਵੀ ਉਸ ਨੇ ਕਦੇ ਵੀ ਧੰਨ ਨੂੰ ਆਪਣਾ ਸਹਾਰਾ ਨਹੀਂ ਬਣਨ

ਦਿੱਤਾ, ਸਗੋਂ ਉਸ ਨੇ ਹਮੇਸ਼ਾ ਇਸ ਗੱਲ ਨੂੰ ਯਾਦ ਰੱਖਿਆ ਕਿ ਸਾਡੇ ਜੀਵਨ ਵਿਚ ਇਕ ਸੰਤੁਲਨ ਹੋਣਾ ਚਾਹੀਦਾ ਅਤੇ ਸਾਨੂੰ ਸੰਤੋਖ ਰੱਖਣਾ ਆਉਣਾ ਚਾਹੀਦਾ ਹੈ। ਉਸ ਦੇ ਇਨ੍ਹਾਂ ਭਾਵਾਂ ਨੂੰ ਪ੍ਰਗਟਾਉਂਦੀਆਂ ਇਹ ਸਤਰਾਂ ਦੇਖੋ:

ਵਾਹ, ਨੀ ਸੁੱਖੀ ਦੀਏ ਜ਼ਿੰਦੜੀਏ...
ਗੁਜ਼ਰੀ ਏਂ ਹੁਣ ਤੱਕ ਕਿੰਨੀ ਖ਼ੂਬ
ਕੀ ਖੱਟਿਆ ਤੇ ਕੀ ਕਮਾਇਆ
ਦਿਲ ਲਾਵੇ ਪਿਆ ਜਿਵੇਂ ਹਿਸਾਬ
ਪਾਇਆ ਹੀ ਸਭ ਜਾਪੇ ਇਹਨੂੰ
ਰੱਬੀ-ਮਿਹਰ ਦਾ ਨਹੀਂ ਜਵਾਬ!

ਇਕ ਹੋਰ ਭਾਵ:

ਸਿਹਤਮੰਦ ਸੋਚਾਂ ਦੀ ਬੀਜੀਏ ਫ਼ਸਲ
ਲੱਗ ਜਾਵਣ ਬੋਹਲ ਖ਼ੁਸ਼ਹਾਲੀਆਂ ਦੇ
ਵਿਉਪਾਰ ਕਰੀਏ ਨਵੇਂ ਸੁਫ਼ਨਿਆਂ ਦਾ
ਬਾਜ਼ਾਰ ਬੰਦ ਹੋ ਜਾਣ ਮੰਦਹਾਲੀਆਂ ਦੇ
ਸਮਾਂ ਕਦੀ ਇੱਕੋ ਜਿਹਾ ਨਹੀਂ ਰਹਿਣਾ
ਬਦਲ ਜਾਣੀ ਏਂ ਇਸ ਦੀ ਵੀ ਚਾਲ
ਨਵਾਂ ਦਿਨ ਸ਼ੁਰੂ ਕਰਿਆ ਕਰ
ਉਮੀਦੇ ਸਤਰੰਗੀ ਪੀਂਘ ਦੇ ਨਾਲ

ਸੁੱਖੀ ਬਾਠ ਨੇ ਇੰਨੇ ਦੁੱਖਾਂ ਦਾ ਸਾਮ੍ਹਣਾ ਕੀਤਾ ਕਿ ਉਹ ਆਮ ਲੋਕਾਂ ਦੇ ਦੁੱਖਾਂ ਤੋਂ ਭਲੀ-ਭਾਂਤ ਵਾਕਫ਼ ਹੈ, ਪਰ ਉਹ ਸਿਰਫ਼ ਉਨ੍ਹਾਂ ਨਾਲ ਹਮਦਰਦੀ ਹੀ ਨਹੀਂ ਰੱਖਦਾ ਬਲਕਿ ਉਹ ਉਨ੍ਹਾਂ ਦੀ ਭਲਾਈ ਲਈ ਜੋ ਉਸ ਤੋਂ ਹੋ ਪਾਉਂਦਾ, ਕਰਦਾ ਹੈ। ਜ਼ਰਾ ਇਨ੍ਹਾਂ ਸ਼ਬਦਾਂ ਵੱਲ ਧਿਆਨ ਦਿਓ:

ਬੀਮਾਰ ਬਜ਼ੁਰਗ ਦਾ ਮੰਜਾ,
ਗਲੀ 'ਚ ਲੱਗਾ ਹੋਵੇ
ਜਵਾਨ ਧੀ ਨੂੰ ਵਿਹਾਉਣ ਲਈ,
ਪਿਓ ਪੈਸੇ ਹੱਥੋਂ ਰੋਵੇ
ਉਪਰੇਸ਼ਨ ਹੱਥੋਂ ਕਿਸੇ ਬੁੱਢੀ ਮਾਂ ਦੀ,
ਰੋਸ਼ਨੀ ਜਾ ਚੁੱਕੀ ਹੋਵੇ
ਪੜ੍ਹਨ ਦੀ ਉਮਰੇ,
ਬਾਲ ਸਿਰ ਤੇ ਟੋਕਰਾ ਪਿਆ ਢੋਵੇ
ਇਹਨੂੰ ਕਹਿੰਦੇ ਨੇ ਗ਼ਰੀਬੀ!

ਸੁੱਖੀ ਬਾਠ ਨੇ ਸਮਾਜ ਭਲਾਈ ਦੇ ਜੋ ਕੰਮ ਕੀਤੇ, ਉਨ੍ਹਾਂ ਵਿੱਚੋਂ ਇਕ ਕੰਮ ਖ਼ਾਸ ਅਹਿਮੀਅਤ ਰੱਖਦਾ ਹੈ, ਉਹ ਹੈ ਗ਼ਰੀਬ ਧੀਆਂ ਦੇ ਵਿਆਹ ਕਰਾਉਣੇ। ਉਸ ਨੇ ਅਨੇਕਾਂ ਬੇਬੱਸ ਧੀਆਂ ਦੇ ਵਧੀਆ ਵਿਆਹ ਕਰਵਾ ਕੇ ਉਨ੍ਹਾਂ ਦੇ ਘਰ ਵਸਾਏ ਹਨ। ਉਹ ਸਮਝਦਾ ਹੈ ਕਿ ਜਿਸ ਗ਼ਰੀਬ ਘਰ ਵਿਚ ਧੀਆਂ ਹਨ, ਉਨ੍ਹਾਂ ਦੇ ਮਾਪਿਆਂ 'ਤੇ ਕੀ ਬੀਤਦੀ ਹੋਵੇਗੀ:

ਰੱਬਾ ਸਭ ਨੂੰ ਦੇਵੀਂ ਅਜਿਹੀਆਂ, ਹੋਣਹਾਰ ਧੀਆਂ
ਪਰਵਾਰ ਅਧੂਰਾ, ਜੇ ਧੀਆਂ ਨਹੀਂ ਵਿੱਚ ਜੀਆਂ
ਪੁੱਤਰ ਵੀ ਨੇ ਭਾਵੇਂ ਅਨੋਖੀ ਦਾਤ ਉਸ ਰੱਬ ਦੀ
ਪਰ ਧੀਆਂ ਵਾਲੇ ਮੋਹ ਦੀ, ਮਿਸਾਲ ਨਹੀਓਂ ਲੱਭਦੀ

ਇਸ ਤਰ੍ਹਾਂ ਦੀਆਂ ਕਹਾਵਤਾਂ ਜੀਵਨ ਬਾਰੇ ਉਨ੍ਹਾਂ ਲੋਕਾਂ ਦੇ ਦ੍ਰਿਸ਼ਟੀਕੋਣ ਦੱਸਦੀਆਂ ਹਨ ਜਿਨ੍ਹਾਂ ਤਕ ਤੁਸੀਂ ਪਹੁੰਚ ਨਹੀਂ ਸਕਦੇ ਹੋ। ਕਹਾਵਤਾਂ ਬਾਰੇ ਕਿਹਾ ਜਾ ਸਕਦਾ ਹੈ ਕਿ ਇਸ ਨਾਲ "ਵਿਚਾਰ ਸ਼ਬਦ ਬਣ ਜਾਂਦੇ ਹਨ, ਸ਼ਬਦ ਕਿਰਿਆ ਬਣ ਜਾਂਦੇ ਹਨ ਅਤੇ ਕਿਰਿਆਵਾਂ ਨਾਲ ਤੁਹਾਡੀ ਅਸਲ ਸ਼ਖ਼ਸੀਅਤ ਬਣ ਜਾਂਦੀ ਹੈ।" ਸੁੱਖੀ ਬਾਠ ਨੇ ਆਪਣੇ ਜੀਵਨ ਵਿਚ ਜੋ ਕੁਝ ਕੀਤਾ, ਭਾਵੇਂ ਉਹ ਸਮਾਜ ਭਲਾਈ ਦੇ ਕੰਮ ਹੋਣ, ਜਾਂ ਮਾਂ-ਬੋਲੀ ਪੰਜਾਬੀ ਲਈ ਕੀਤੇ ਉਪਰਾਲੇ, ਅਸੀਂ ਵੀ ਉਸ ਦੇ ਵਿਚਾਰ ਆਪਣਾ ਕੇ ਇਨ੍ਹਾਂ ਨੂੰ ਕਿਰਿਆਵਾਂ ਵਿਚ ਬਦਲ ਕੇ ਉਸ ਦੀ ਮਿਸਾਲ ਦਾ ਅਨੁਕਰਣ ਕਰ ਸਕਦੇ ਹਾਂ। ਇਹ ਗੱਲ ਇਸ ਵਿਚਾਰ ਨੂੰ ਦਰਸਾਉਂਦੀ ਹੈ ਕਿ ਵਿਚਾਰਾਂ ਨੂੰ ਸ਼ਬਦਾਂ ਵਿੱਚ ਦੱਸਿਆ ਜਾ ਸਕਦਾ ਹੈ ਅਤੇ ਉਨ੍ਹਾਂ ਸ਼ਬਦਾਂ ਨੂੰ ਕਿਰਿਆਵਾਂ ਵਿੱਚ ਬਦਲਿਆ ਜਾ ਸਕਦਾ ਹੈ। ਪ੍ਰੇਰਣਾਦਾਇਕ ਕਹਾਵਤਾਂ ਸ਼ਬਦਾਂ ਵਿੱਚ ਦੱਸੇ ਗਏ ਵਿਚਾਰ ਹਨ, ਇਸ ਲਈ, ਇਹ ਕਹਾਵਤਾਂ ਤੁਹਾਨੂੰ ਉਹ ਕੰਮ ਕਰਨ ਲਈ ਉਭਾਰ ਸਕਦੀਆਂ ਹਨ ਜੋ ਤੁਹਾਡੀ ਅਸਲ ਸ਼ਖ਼ਸੀਅਤ ਦਾ ਨਿਰਮਾਣ ਕਰਨ ਵਿਚ ਮਦਦ ਕਰਦੇ ਹਨ।




# ਪੰਜਾਬੀ ਭਾਸ਼ਾ ਨੂੰ ਉਤਸਾਹਤ ਕਰਨ ਵਾਲੀਆਂ ਕਹਾਵਤਾਂ

*** ਸੁਖਾਵਤ #1**

*ਸੁਖੀ + ਕਹਾਵਤ = ਸੁਖਾਵਤ

"

**ਕੁਝ ਅਜਿਹਾ ਕਰੀਏ ਮਾਂ ਬੋਲੀ ਲਈ**
**ਇਹਦੇ ਸੁਫ਼ਨੇ ਸਾਕਾਰ ਹੋ ਪੁੱਗਣ,**
**ਸਾਡੇ ਮਗਰੋਂ ਵੀ ਸਾਡੀ ਮਿੱਟੀ 'ਚੋਂ**
**ਪੰਜਾਬੀਅਤ ਦੇ ਫੁੱਲ ਪਏ ਉੱਗਣ!**

- ਸੁੱਖੀ ਬਾਠ

"



*ਸੁੱਖੀ + ਕਹਾਵਤ = ਸੁਖਾਵਤ

*** ਸੁਖਾਵਤ #2**

**ਦਿਲਾਂ ਵਿੱਚੋਂ ਮਾਂ ਬੋਲੀ ਨੂੰ**
**ਜੇਕਰ ਅਸੀਂ ਕੱਢਾਂਗੇ**
**ਬੱਚਿਆਂ ਲਈ ਸੋਚੋ ਕੇਹੀ**
**ਵਿਰਾਸਤ ਅਸੀਂ ਛੱਡਾਂਗੇ?**

- ਸੁੱਖੀ ਬਾਠ



*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #3

ਬੁੱਕਲ਼ਾਂ ਪਰਾਈਆਂ ਦੀਆਂ 'ਚ
ਨਹੀਂ ਮਿਲਣ ਲੱਗਾ ਨਿੱਘ ਤੈਨੂੰ
ਲੱਖ ਖਾ ਲਈਂ ਗਿਰੀ ਛੁਹਾਰੇ
ਅੰਤ ਯਾਦ ਕਰੇਂਗਾ ਤੂੰ ਮੈਨੂੰ
ਅਫਸੋਸਾਂ ਦੇ ਵਿੱਚ ਢਲ ਜਾਵੇਂਗਾ
ਨਹੀਂ ਆਉਣ ਲੱਗਾ ਪ੍ਰਮੋਦ
ਨਿੱਘ ਲੈਣਾ ਈ ਤਾਂ ਆ ਜਾ ਸੱਜਣਾਂ
ਤੂੰ ਮਾਂ ਬੋਲੀ ਦੀ ਗੋਦ

- ਸੁੱਖੀ ਬਾਠ



*ਸੁਖੀ + ਕਹਾਵਤ = ਸੁਖਾਵਤ

*** ਸੁਖਾਵਤ #4**

ਆਪਣੀ ਮਾਤ-ਭਾਸ਼ਾ ਜੋ ਭੁੱਲ ਜਾਂਦੇ ਨੇ
ਗਲ਼ੀਆਂ ਦੇ ਕੱਖਾਂ ਵਾਂਗ ਰੁਲ਼ ਜਾਂਦੇ ਨੇ
ਕੋਈ ਪੂੰਝਣ ਵਾਲਾ ਨਹੀਂ ਢੁੱਕਦਾ
ਅੱਥਰੂ ਡੁੱਲਦੇ ਡੁੱਲਦੇ ਡੁੱਲ ਜਾਂਦੇ ਨੇ

- ਸੁੱਖੀ ਬਾਠ




*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #5

**ਮਾਂ ਬੋਲੀ ਬੁਲਵਾਓ**

**ਸੱਭਿਆਚਾਰ ਬਚਾਓ!**

- ਸੁੱਖੀ ਬਾਠ



## * ਸੁਖਾਵਤ #6

*ਸੁਖੀ + ਕਹਾਵਤ = ਸੁਖਾਵਤ

“ਜੜ੍ਹਾਂ ਨਾਲੋਂ ਟੁੱਟ ਕਿਵੇਂ ਖੜ੍ਹਾ ਹੋਵੇਂਗਾ?
ਪੰਜਾਬੀ ਯਾਦ ਰੱਖ, ਨਹੀਂ ਤੇ ਬੜਾ ਰੋਵੇਂਗਾ!”

- ਸੁੱਖੀ ਬਾਠ



## * ਸੁਖਾਵਤ #7

*ਸੁਖੀ + ਕਹਾਵਤ = ਸੁਖਾਵਤ

ਦੁੱਧ ਚੁੰਘਿਆ ਸੀ ਤੂੰ ਜਿਸ ਦਾ
ਵੱਢ ਦੰਦੀਆਂ ਜ਼ਖ਼ਮ ਸੀ ਕੀਤੇ
ਤੈਨੂੰ ਸੁੱਕੀ ਥਾਂ ਤੇ ਪਾ ਕੇ
ਖੁਦ ਪਈ ਮਾਂ ਕੱਪੜ ਪਲੀਤੇ
ਕਿਉਂ ਭੁੱਲਿਆ ਤੂੰ ਉਹਦੀ ਬੋਲੀ
ਹਾਲੇ ਵੀ ਸੋਚ ਆਪਣੀ ਨੂੰ ਸੋਧ
ਨਿੱਘ ਲੈਣਾ ਈ ਤਾਂ ਆ ਜਾ ਸੱਜਣਾਂ
ਮਾਂ ਬੋਲੀ ਦੀ ਗੋਦ!

- ਸੁੱਖੀ ਬਾਠ



## * ਸੁਖਾਵਤ #8

*ਸੁਖੀ + ਕਹਾਵਤ = ਸੁਖਾਵਤ

ਨਿਤ ਨਵਾਂ ਕੁਝ ਸੋਚੀਏ, ਵੀਰੋ
ਅਸੀਂ ਨਿਤ ਨਵਾਂ ਕੁਝ ਕਰੀਏ
ਸੋਹਣੀ ਮਾਂ ਬੋਲੀ ਆਪਣੀ ਨੂੰ
ਆਓ, ਸਭ ਤੋਂ ਅੱਗੇ ਧਰੀਏ!

- ਸੁੱਖੀ ਬਾਠ



*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #9

"ਰਕਬਾ ਬੜਾ ਪੰਜਾਬੀ ਵਿਰਸੇ ਦਾ
ਪਨੀਰੀ ਨਵੀਂ ਨਰੋਈ ਲਾਈਏ
ਮਾਂ ਬੋਲੀ ਦੀਆਂ ਪੈਣੀਆਂ ਮੁੰਜਰਾਂ
ਸੱਭਿਆਚਾਰ ਦਾ ਝਾੜ ਵਧਾਈਏ..."

- ਸੁੱਖੀ ਬਾਠ




*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #10

"ਮਾਂ ਬੋਲੀ ਦੀ ਬੋਲੀ ਆਵੇ
ਸਿੱਧੀ ਮਾਂ ਦੇ ਦੁੱਧ ਵਿੱਚੋਂ
ਸੱਭਿਆਚਾਰ ਨੂੰ ਹਾਂ ਸਿਖਦੇ
ਸੋਝੀ ਮਾਂ ਦੀ ਤੇ ਬੁੱਧ ਵਿੱਚੋਂ"

- ਸੁੱਖੀ ਬਾਠ




*ਸੁੱਖੀ + ਕਹਾਵਤ = ਸੁਖਾਵਤ

## * ਸੁਖਾਵਤ #11

"ਨਵੀਂ ਪੰਜਾਬੀ ਪਨੀਰੀ ਨੂੰ ਨਿਸਰਨ ਦਿਓ
ਪਿਆਰੀ ਮਾਂ ਬੋਲੀ ਕਦੇ ਨਾ ਵਿਸਰਨ ਦਿਓ!"

- ਸੁੱਖੀ ਬਾਠ




## * ਸੁਖਾਵਤ #12

*ਸੁਖੀ + ਕਹਾਵਤ = ਸੁਖਾਵਤ

ਵਾਹ ਮਿੱਠੀ ਵੀ ਹੈ ਤੇ ਕੋਮਲ ਵੀ
ਮੇਰੀ ਮਾਂ ਬੋਲੀ ਲੱਛੇਦਾਰ..
ਤਾਂ ਵੀ ਲਾਹ ਪਰ੍ਹਾਂ ਸੁੱਟੇਂ ਬੁੱਲਾਂ ਤੋਂ
ਹੋਇਆ ਦਿਲ ਡਾਢਾ ਦੁਸ਼ਵਾਰ...

- ਸੁੱਖੀ ਬਾਠ



## * ਸੁਖਾਵਤ #13

*ਸੁਖੀ + ਕਹਾਵਤ = ਸੁਖਾਵਤ

ਦੇਂਦੇ ਨਹੀਂ ਮਾਣ ਮਾਂ ਬੋਲੀ ਨੂੰ
ਇਹ ਇਕ ਸੱਚ ਹੈ ਯਾਰੋ ਕੌੜਾ...
ਇਹ ਹੋਰ ਕਿਸੇ ਦੀ ਗ਼ਲਤੀ ਨਹੀਂ
ਕਰ ਬੈਠੇ ਹਾਂ ਸੋਚ ਨੂੰ ਸੌੜਾ...

- ਸੁੱਖੀ ਬਾਠ




*** ਸੁਖਾਵਤ #14**

*ਸੁਖੀ + ਕਹਾਵਤ = ਸੁਖਾਵਤ

**ਨਵੀਂ ਪੰਜਾਬੀ ਪਨੀਰੀ ਨੂੰ**
**ਪਾਣੀ ਦੇਣ ਦੀ ਬਹੁਤ ਲੋੜ ਹੈ**
**ਅਫ਼ਸੋਸ ਨਾਲ ਕਹਿਣਾ ਪਵੇ**
**ਮਾਲੀਆਂ ਦੀ ਥੋੜ ਹੈ**
**ਜੇ ਹੁਣ ਕੁਝ ਐਸਾ ਨਾ ਕੀਤਾ**
**ਬਹੁਤਾ ਫਿਰ ਪਛਤਾਓਗੇ**
**ਮਾਂ ਬੋਲੀ ਜੇ ਨਾ ਬਚ ਸਕੀ**
**ਕੌਮ ਨੂੰ ਕਿਵੇਂ ਬਚਾਓਗੇ?**

- ਸੁੱਖੀ ਬਾਠ



## * ਸੁਖਾਵਤ #15

*ਸੁਖੀ + ਕਹਾਵਤ = ਸੁਖਾਵਤ

**ਪੰਜਾਬੀਅਤ ਦੇ ਫੁੱਲ ਪੈਣਗੇ**
**ਖੁਸ਼ਬੂਆਂ ਸਾਡੇ ਬੱਚੇ ਲੈਣਗੇ**
**ਸਿੰਜਦੇ ਰਹਿਣਾ ਹੈ ਸਾਡਾ ਕੰਮ**
**ਮਾਂ ਬੋਲੀ ਦੇ ਬਾਗੀਂ ਬਹਿਣਗੇ!**

- ਸੁੱਖੀ ਬਾਠ



*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #16

ਤੁਪਕਾ ਤੁਪਕਾ ਪੰਜਾਬੀ ਦਾ
ਆਓ ਪਾਈਏ ਸਾਰੇ
ਇੰਜ ਪੰਜਾਬੀਅਤ ਦਾ
ਤਲਾਬ ਭਰ ਜਾਵੇਗਾ...
ਆਉਣ ਵਾਲਾ ਸਾਡਾ
ਹਰ ਬੱਚਾ ਤੇ ਬੱਚੀ
ਟੁੱਭੀਆਂ ਮਾਰ ਵਿੱਚ,
ਇਸ ਦੇ ਨਹਾਵੇਗਾ...

- ਸੁੱਖੀ ਬਾਠ




*ਸੁਖੀ + ਕਹਾਵਤ = ਸੁਖਾਵਤ

## 7* ਸੁਖਾਵਤ #17

ਆਓ ਮਤਾ ਪਕਾਈਏ ਹੁਣ ਇਸ ਨਵੇਂ ਸਾਲ
ਪੁੱਛਣਾ ਅਸੀਂ ਜ਼ਰੂਰ ਹੈ ਮਾਂ ਬੋਲੀ ਦਾ ਹਾਲ...
ਹੁਣ ਦੂਰ ਨਾ ਇਸ ਤੋਂ ਕਦੀ ਜਾਵਾਂਗੇ
ਇਸ ਨਾਲ ਕਰਾਂਗੇ ਅਸੀਂ ਦਿਲੋਂ ਵਿਸਾਲ...

- ਸੁੱਖੀ ਬਾਠ




*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #18

ਗੱਲ ਬੜੀ ਹੈ ਦੁੱਖ ਦੀ
ਰੱਖੀਏ ਲਾਜ ਨਾ ਮਾਂ ਦੀ ਕੁੱਖ ਦੀ
ਭੁੱਲਦੇ ਜਾਈਏ ਮਾਂ ਦੇ ਦੁੱਧ ਨੂੰ
ਕੀ ਹੋ ਗਿਆ ਸਾਡੀ ਬੁੱਧ ਨੂੰ?
ਹਾਲੇ ਵੀ ਬੋਲੀਏ ਪੰਜਾਬੀ ਨੂੰ
ਮਿੱਠੀ ਰਸੀਲੀ ਬੇਹਿਸਾਬੀ ਨੂੰ
ਸੰਭਾਲੀਏ ਸੱਭਿਆਚਾਰਕ ਵਿਰਸੇ ਦੇ
ਖ਼ਜਾਨੇ ਵਾਲੀ ਚਾਬੀ ਨੂੰ!

- ਸੁੱਖੀ ਬਾਠ



## * ਸੁਖਾਵਤ #19

*ਸੁਖੀ + ਕਹਾਵਤ = ਸੁਖਾਵਤ

**ਪੀੜ੍ਹੀ ਦਰ ਪੀੜ੍ਹੀ**
**ਸਾਡੀ ਮਾਂ ਬੋਲੀ ਹੈ ਸੀੜ੍ਹੀ!**

- ਸੁੱਖੀ ਬਾਠ



* ਸੁਖਾਵਤ #20

*ਸੁਖੀ + ਕਹਾਵਤ = ਸੁਖਾਵਤ

ਮੰਨਿਆ ਪੰਜਾਬੀ ਨਾਲ਼ੋਂ ਅੰਗਰੇਜ਼ੀ ਦਾ
ਰੋਜ਼ਗਾਰ ਮੰਡੀ 'ਚ ਵੱਧ ਮੁੱਲ ਹੈ
ਪਰ ਮਾਂ ਬੋਲੀ ਬਿਨਾਂ ਅਸਾਡਾ
ਇਹ ਜੀਵਨ ਖ਼ਾਕ ਦੇ ਤੁੱਲ ਹੈ!

- ਸੁੱਖੀ ਬਾਠ



*ਸੁਖੀ + ਕਹਾਵਤ = ਸੁਖਾਵਤ

*** ਸੁਖਾਵਤ #21**

**ਵੀਰੋ ਬੇਸ਼ਕ ਅਪਣਾਉ ਅੰਗਰੇਜ਼ੀ ਨੂੰ**
**ਜੇ ਰੋਜ਼ਗਾਰ ਦੇ ਅਵਸਰ ਵਧਾਉਂਦੀ ਹੈ**
**ਪਰ ਬਿੱਲਕੁਲ ਭੁੱਲ ਜਾਣਾ ਮਾਂ ਬੋਲੀ ਨੂੰ**
**ਅਕਲਮੰਦੀ ਕਿੱਥੋਂ ਦੀ ਅਖਵਾਉਂਦੀ ਹੈ?**

- ਸੁੱਖੀ ਬਾਠ



## * ਸੁਖਾਵਤ #22

*ਸੁਖੀ + ਕਹਾਵਤ = ਸੁਖਾਵਤ

"ਪੋਤੇ ਪੋਤੀਆਂ ਨੂੰ ਬਿਠਾ ਕੇ ਗੋਦ ਪੈਂਤੀ ਨੂੰ ਸਿਖਾਓ
ਮਾਂ ਬੋਲੀ ਪੰਜਾਬੀ ਲਈ ਉਨ੍ਹਾਂ ਦੀ ਰੁਚੀ ਵਧਾਓ"

- ਸੁੱਖੀ ਬਾਠ




* ਸੁਖਾਵਤ #23

*ਸੁਖੀ + ਕਹਾਵਤ = ਸੁਖਾਵਤ

**ਬਿਖੜਾ ਪੈਂਡਾ, ਮੰਦੜੇ ਹਾਲ**
**ਰੋਂਦੀ ਮਾਂ ਬੋਲੀ ਪੰਜਾਬੀ ਏ**
**ਕ੍ਹਿਨੂ ਸੁਣਾਵੇ ਦਿਲ ਦਾ ਦੁਖੜਾ**
**ਲਾਪ੍ਰਵਾਹੀ ਇੱਥੇ, ਬੇਹਿਸਾਬੀ ਏ**

- ਸੁੱਖੀ ਬਾਠ



## * ਸੁਖਾਵਤ #24

*ਸੁਖੀ + ਕਹਾਵਤ = ਸੁਖਾਵਤ

ਪਰਵਾਸੀਓ ਪੰਜਾਬ ਫੇਰੀ ਦਾ, ਸਬੱਬ ਬਣਾਓ
ਚੱਪਾ ਚੱਪਾ ਪੰਜਾਬ ਦਾ, ਬੱਚਿਆਂ ਨੂੰ ਵਿਖਾਓ
ਭਰੋ ਦਿਲੀਂ ਉਹਨਾਂ ਦੇ, ਪੰਜਾਬੀ ਲਈ ਪਿਆਰ
ਐਸਾ ਨਾ ਹੋਵੇ, ਵਿਰਸੇ ਨੂੰ ਦੇਣ ਉਹ ਵਿਸਾਰ

- ਸੁੱਖੀ ਬਾਠ



*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #25

ਚਿੰਤਨ, ਮਨਨ, ਸੋਚ ਤੇ ਕਰੀਏ ਵਿਚਾਰ
ਮਾਂ ਬੋਲੀ ਲਈ, ਨਿਭਾਈਏ ਕਿਰਦਾਰ
ਸਰਭ-ਪੱਖੀ ਵਿਕਾਸ ਅਸਾਡਾ ਮਾਂ ਬੋਲੀ
ਸੱਭਿਆਚਾਰ ਦੀ ਇਹ ਪਹਿਰੇਦਾਰ

- ਸੁੱਖੀ ਬਾਠ




*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #26

ਮਾਂ ਨਾਲ਼ ਵੀ ਕੋਈ
ਵਿਤਕਰਾ ਕਰਦੈ?
ਧੌਣ ਓਹਦੀ ਨੂੰ
ਤਲਵਾਰ 'ਤੇ ਧਰਦੈ?
ਜਰਮਨ ਸਿਖਾਓ
ਭਾਵੇਂ ਫ਼੍ਰੈਂਚ ਸਿਖਾਓ
ਪਰ ਮਾਂ ਬੋਲੀ ਕਿਉਂ
ਪਿਛਲੇ ਬੈਂਚ ਬਿਠਾਓ

- ਸੁੱਖੀ ਬਾਠ



*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #27

ਲਾਡਾਂ ਭਰੀਆਂ ਨੇ ਲੋਰੀਆਂ
ਤੇ ਮਨਮੋਹਣੇ ਮਿੱਠੜੇ ਗੀਤ
ਸ਼ਬਦ ਨੇ ਜਿਊਣਾ ਸਖਾਂਵਦੇ
ਮਾਂ ਬੋਲੀ ਸੰਗ ਪਵੇ ਪ੍ਰੀਤ
ਖਾਨਾਂ ਖੁਸ਼ੀ ਦੀਆਂ ਬਜ਼ਮ ‘ਚ
ਪਿਆਰ ਦੀ ਕਹੀ ਨਾਲ ਖੋਦ
ਨਿੱਘ ਲੈਣਾ ਈ ਤਾਂ ਆ ਜਾ
ਸੱਜਣਾਂ ਮਾਂ ਬੋਲੀ ਦੀ ਗੋਦ!

- ਸੁੱਖੀ ਬਾਠ



* ਸੁਖਾਵਤ #28

*ਸੁਖੀ + ਕਹਾਵਤ = ਸੁਖਾਵਤ

**ਸਰਕਾਰੇ-ਦਰਬਾਰੇ, ਪੰਜਾਬੀ ਅਪਣਾਓ**
**ਮਾਂ ਬੋਲੀ ਦਾ ਪੰਜਾਬੀਓ, ਮਾਣ ਵਧਾਓ!**

- ਸੁੱਖੀ ਬਾਠ




## * ਸੁਖਾਵਤ #29

*ਸੁਖੀ + ਕਹਾਵਤ = ਸੁਖਾਵਤ

"ਅਖੌਤੀ ਪੰਜਾਬੀ ਹਿਤੈਸ਼ੀ ਨਾ ਬਣੋ ਨਾ ਬਣਾਓ
ਆਪਣੀ ਵਿਵਹਾਰਕਿਤਾ 'ਚ ਇਸ ਨੂੰ ਲਿਆਓ"

- ਸੁੱਖੀ ਬਾਠ




*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #30

ਸਮਝੋ ਆਪਣੀ ਜ਼ੁਮੇਵਾਰੀ ਲਿਖਾਰੀਓ ਤੇ ਗੀਤਕਾਰੋ
ਵਿਰਸੇ ਦੀ ਸੰਭਾਲ ਕਰੋ, ਸੱਭਿਆਚਾਰ ਨੂੰ ਉਭਾਰੋ
ਸੋਹਣਾ ਲਿਖ ਕੇ , ਸੋਹਣਾ ਗਾਉਣ ਵਾਲਿਆਂ ਥੀਂ ਗਵਾਓ
ਕੌਮ ਨੂੰ ਬਚਾਉਣਾ ਤਾਂ, ਪਹਿਲੋਂ ਮਾਂ ਬੋਲੀ ਨੂੰ ਬਚਾਓ

- ਸੁੱਖੀ ਬਾਠ



*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #31

ਮੁਹੱਬਤਾਂ ਦੇ ਨਿੱਤ,
ਸੁੱਖੀ ਬੂਟੇ ਲਾਉਂਦਾ...
ਮਾਂ ਬੋਲੀ ਨੂੰ ਗੂੜ੍ਹਾ
ਪਿਆਰ ਜਤਾਉਂਦਾ...
ਸਾਂਭੇ ਪੰਜਾਬੀ
ਸੱਭਿਆਚਾਰ ਸਰਮਾਇਆ...
ਸੁੱਖੀ ਨੇ ਬਸ ਇਹ
ਦਿਲੋਂ ਸਿਖਾਇਆ...

- ਸੁੱਖੀ ਬਾਠ



*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #32

ਸੁੱਖੀ ਬਾਠ ਦੀਏ ਕਲਮੇ ਨੀ
ਕੁਝ ਐਸਾ ਤੂੰ ਲਿਖਵਾਈਂ
ਪਿਆਰ ਦਾ ਸੁਨੇਹੜਾ ਮੇਰਾ
ਉਨ੍ਹਾਂ ਸਭਨਾਂ ਨੂੰ ਪਹੁੰਚਾਈਂ
ਦੂਰ ਹੋਏ ਜੋ ਮਾਂ ਬੋਲੀ ਤੋਂ
ਆ ਜਾਣ ਨੇੜੇ ਚਾਈਂ ਚਾਈਂ!

- ਸੁੱਖੀ ਬਾਠ



## * ਸੁਖਾਵਤ #33

*ਸੁਖੀ + ਕਹਾਵਤ = ਸੁਖਾਵਤ

"ਵਿਰਸੇ ਦਾ ਦੁੱਖ, ਸੱਭਿਆਚਾਰ ਦੇ ਗ਼ਮ
ਵੰਡਾਉਂਦਾ ਹੈ ਸੁੱਖੀ ਬਾਠ, ਬਣ ਕੇ ਹਮਦਮ
ਉਸ ਨੂੰ ਤਾਂ ਸੁੱਝਦਾ ਹੈ ਬਸ ਇੱਕੋ ਹੀ ਕੰਮ
ਮਾਂ ਬੋਲੀ ਦੀ ਸੇਵਾ, ਕਰ ਲਵਾਂ ਜਮ ਜਮ!

- ਸੁੱਖੀ ਬਾਠ"



*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #34

ਸਾਹਿਤ ਲੱਗੇ ਜਿਵੇਂ ਮੇਰੇ, ਸਾਹ ਹਨ
ਮੇਰੀ ਜ਼ਮੀਰ ਦਾ ਅਨੰਤ, ਪ੍ਰਵਾਹ ਹਨ
ਜੇ ਕੋਈ ਮੈਥੋਂ ਕਰੇ, ਸਾਹਿਤ ਨੂੰ ਜੁਦਾ
ਮੇਰੀ ਉਸ ਨੂੰ ਅਲਵਿਦਾ!

- ਸੁੱਖੀ ਬਾਠ



## * ਸੁਖਾਵਤ #35

*ਸੁਖੀ + ਕਹਾਵਤ = ਸੁਖਾਵਤ

ਸਦਕੇ ਜਾਵਾਂ ਤੇਰੇ, ਨੀ ਮੇਰੀਏ ਮਾਏ
ਬੁੱਲਾਂ ਮੇਰਿਆਂ 'ਤੇ ਤੂੰ ਪੰਜਾਬੀ ਚਾੜ੍ਹੀ...
ਜਿਉਂ ਜਿਉਂ ਬੋਲਾਂ, ਮਿੱਠੀ ਮਾਂ ਬੋਲੀ
ਮੋਹ ਦੀ ਰੰਗਤ, ਹੁੰਦੀ ਜਾਏ ਗਾੜ੍ਹੀ...

- ਸੁੱਖੀ ਬਾਠ



## * ਸੁਖਾਵਤ #36

*ਸੁਖੀ + ਕਹਾਵਤ = ਸੁਖਾਵਤ

ਕਰਨਾ ਮੈਂ ਕੁਝ ਐਸਾ ਚਾਹਵਾਂ
ਮਾਂ ਬੋਲੀ ਦੀ ਆਸ ਪੁਗਾਵਾਂ...
ਸੱਭਿਆਚਾਰ ਦੇ ਪੰਧੀਂ ਚੱਲ ਕੇ
ਵਿਰਸੇ ਦੀ ਮੰਜ਼ਿਲ ਨੂੰ ਪਾਵਾਂ...

- ਸੁੱਖੀ ਬਾਠ




## * ਸੁਖਾਵਤ #37

*ਸੁਖੀ + ਕਹਾਵਤ = ਸੁਖਾਵਤ

ਸਾਹਿਤ ਮੈਨੂੰ ਇੰਜ ਲੱਗਦੈ
ਸਦਜੀਵਨ ਦੇ ਸਵਾਂਸ ਜਿਹਾ
ਦਿਲ ਦੀ ਕਿਤਾਬ ਦੇ ਪੰਨਿਆਂ 'ਤੇ
ਕੁੱਝ ਵਿਲੱਖਣ, ਵਾਕਾਂਸ਼ ਜਿਹਾ

ਮਾਂ ਬੋਲੀ. ਸੱਭਿਆਚਾਰ ਅਤੇ
ਵਿਰਸੇ ਦੇ ਸਾਰਾਂਸ਼ ਜਿਹਾ
ਨਵੀਂ ਪੰਜਾਬੀ-ਪਨੀਰੀ ਲਈ
ਰੂੜੀ 'ਤੇ ਜੀਵਾਂਸ਼ ਜਿਹਾ!

- ਸੁੱਖੀ ਬਾਠ







# ਪੰਜਾਬ ਪਿਆਰ ਦੀਆਂ ਕਹਾਵਤਾਂ

*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #38

"ਸੌਂਵਾਂ ਭਾਵੇਂ ਕੈਨੇਡਾ ਰਾਤੀਂ
ਪਰ ਮੈਂ ਹੁੰਨਾ ਵਿੱਚ ਪੰਜਾਬ
ਸਾਰੇ ਰਹਿਣ ਹੱਸਦੇ ਵੱਸਦੇ
ਮੇਰੇ ਨੈਣਾਂ ਦੇ ਵਿੱਚ ਖ਼ਾਬ"

- ਸੁੱਖੀ ਬਾਠ




*ਸੁਖੀ + ਕਹਾਵਤ = ਸੁਖਾਵਤ

*** ਸੁਖਾਵਤ #39**

ਪੰਜਾਬ ਸੁੱਖੀ ਦੇ ਸੁਪਨਿਆਂ ‘ਚ, ਪੰਜਾਬ ਸੁੱਖੀ ਦੇ ਸਾਹਾਂ ‘ਚ
ਪੰਜਾਬ ਸੁੱਖੀ ਦੇ ਅੰਬਰਾਂ ‘ਚ, ਪੰਜਾਬ ਸੁੱਖੀ ਦੇ ਰਾਹਾਂ ‘ਚ
ਪੰਜਾਬ ਸੁੱਖੀ ਦੇ ਸੁੱਖਾਂ ‘ ਚ, ਪੰਜਾਬ ਸੁੱਖੀ ਦੀਆਂ ਆਹਾਂ ‘ਚ
ਪੰਜਾਬ ਸੁੱਖੀ ਦੇ ਮਸਤਕ ‘ਚ , ਪੰਜਾਬ ਸੁੱਖੀ ਦੀਆਂ ਬਾਹਾਂ ‘ਚ

- ਸੁੱਖੀ ਬਾਠ




## * ਸੁਖਾਵਤ #40

*ਸੁਖੀ + ਕਹਾਵਤ = ਸੁਖਾਵਤ

ਬੂਹੇ ਬਾਰੀਆਂ, ਰੋਸ਼ਨਦਾਨ, ਝਰੋਖੇ, ਆਲੇ ਤੇ ਬਨੇਰੇ
ਲਟੈਣਾਂ, ਬਾਲੇ, ਸ਼ਤੀਰੀਆਂ ਵਾਲੀ ਛੱਤ ਦੇ ਘਨੇਰੇ
ਰੀਝਾਂ ਦਾ ਹਾਣੀ ਮੈਨੂੰ ਮੇਰਾ ਘਰ ਯਾਦ ਆਉਂਦਾ ਹੈ
ਵਿਰਸਾ ਸਾਂਝੇ ਵਿਹੜੇ ਵਾਲਾ, ਦਿਲ ਭਰਮਾਉਂਦਾ ਹੈ

- ਸੁੱਖੀ ਬਾਠ



* ਸੁਖਾਵਤ #41

*ਸੁਖੀ + ਕਹਾਵਤ = ਸੁਖਾਵਤ

ਦੁੱਖ ਵੇਲੇ ਸਿਰ 'ਤੇ ਰੱਖ, ਰੱਜ ਨੀਰ ਵਹਾਵਣ ਲਈ
ਖੁਸ਼ੀਆਂ ਵੇਲੇ ਜਿਗਰ 'ਚੋਂ, ਪਿਆਰ ਜਤਾਵਣ ਲਈ
ਸਵਰਗਾਂ ਵਾਲੀ ਅੱਖੀਆਂ 'ਚ, ਨੀਂਦ ਲਿਆਵਣ ਲਈ
ਮਾਂ ਦਾ ਮੋਢਾ ਆਪਣੀ ਖ਼ਾਸ, ਗੱਲ ਮਨਵਾਵਣ ਲਈ

- ਸੁੱਖੀ ਬਾਠ



*ਸੁਖੀ + ਕਹਾਵਤ = ਸੁਖਾਵਤ

*** ਸੁਖਾਵਤ #42**

ਵਾਹ, ਮੇਰੇ ਪਿੰਡ ਸੋਹਣੇ, ਹਰਦੋਫਰੋਲਿਆ
ਹਸੀਨ ਸੁਫ਼ਨੇ ‘ਚ ਆਇਓਂ ਮੇਰੇ, ਅੱਜ ਅਣ-ਗੋਲਿਆ
ਮਾਂ ਨੇ ਬੂਹਾ ਹੋਵੇ ਜਿਉਂ , ਮੇਰੇ ਲਈ ਖੋਲ੍ਹਿਆ
ਪਾ ਕੇ ਗਲਵੱਕੜੀ, ਖੁਸ਼ੀ ‘ਚ ਰੱਜ ਰੋ ਲਿਆ

- ਸੁੱਖੀ ਬਾਠ



*** ਸੁਖਾਵਤ #43**

*ਸੁਖੀ + ਕਹਾਵਤ = ਸੁਖਾਵਤ

**ਮਾਂ ਦੇ ਮੋਢੇ ਜਿਹੀ ਵੀਰੋ, ਨਾ ਹੁੰਦੀ ਕੋਈ ਥਾਂ**
**ਮਾਂ ਦਾ ਮੋਹ ਰੱਬ ਨੂੰ ਵੀ, ਛੱਡ ਜਾਏ ਪਿਛਾਂਹ**
**ਸੀਸਾਂ ਦੇ ਸਹਾਰੇ ਤੁਸੀਂ, ਵਧਦੇ ਚਲੋ ਅਗਾਂਹ**
**ਮਾਂ ਹੀ ਹੁੰਦੀ ਨਿੱਘ ਅਸਾਡਾ, ਮਾਂ ਹੁੰਦੀ ਏ ਛਾਂ**

- ਸੁੱਖੀ ਬਾਠ



* ਸੁਖਾਵਤ #44

*ਸੁਖੀ + ਕਹਾਵਤ = ਸੁਖਾਵਤ

ਕਦੇ ਬਾਹਰ ਜਾਣ ਦਾ, ਮੈਂ ਸੁਫ਼ਨਾ ਲ਼ੈਂਦਾ ਸੀ
ਹੁਣ ਸੁਫ਼ਨੇ 'ਚ ਪਿੰਡ, ਰੋਜ਼ ਘੁੰਮ ਆਉਂਦਾ ਹਾਂ
ਪਿੰਡ ਦੀਆਂ ਠੱਠੀਆਂ ਦੇ, ਗੁੱਦੜੀਂ ਲਾਲਾਂ ਨੂੰ
ਉਨ੍ਹਾਂ ਦੀ ਹੋਂਦ ਦਾ, ਅਹਿਸਾਸ ਦਿਵਾਉਂਦਾ ਹਾਂ
ਆਓ ਮੌਕਾ ਦਈਏ, ਇਨ੍ਹਾਂ ਨੂੰ ਵੀ ਚਮਕਣ ਦਾ
ਖੇਡਣ, ਨੱਚਣ, ਪੜ੍ਹਨ-ਲਿਖਣ ਤੇ ਦਮਕਣ ਦਾ

- ਸੁੱਖੀ ਬਾਠ



*ਸੁਖੀ + ਕਹਾਵਤ = ਸੁਖਾਵਤ


## * ਸੁਖਾਵਤ #45

“

**ਤੇਲ ਲਾ ਲਿਆ ਜੱਟ ਆਪਣੀ ਸੰਮਾਂ ਵਾਲੀ ਡਾਂਗ ਨੂੰ**
**ਪੁਗਾਉਣਾ ਸੀ ਲੋਕਾਂ ਦੀ ਸੇਵਾ ਕਰਨ ਵਾਲੀ ਤਾਂਘ ਨੂੰ**
**ਮਨ ‘ਚ ਮਿਹਨਤ ਅਤੇ ਦ੍ਰਿੜਤਾ ਦਾ ਨਸ਼ਾ ਛਾ ਗਿਆ**
**ਆਹਾ, ਮਾਰਦਾ ਦਮਾਮੇ ਜੱਟ ਕੈਨੇਡਾ ਆ ਗਿਆ**

- ਸੁੱਖੀ ਬਾਠ

”



*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #46

ਮਾਝਾ ਹੋਵੇ ਜਾਂ ਮਾਲਵਾ,
ਜਾਂ ਫਿਰ ਹੋਵੇ ਦੋਆਬਾ
ਸਭ ਅਦੀਬਾਂ ਸਤਿਕਾਰ ਹੈ
ਲਿਖੀ ਜਾ ਮੇਰਿਆ ਪੰਜਾਬਾ!

- ਸੁੱਖੀ ਬਾਠ



*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #47

ਸਰਬੱਤ ਦਾ ਭਲਾ ਸਦਾ, ਮੰਗਣ ਵਾਲਾ ਵਿਰਸਾ
ਪ੍ਰੇਮ ਦੇ ਰਾਹ ਚੱਲਣੋਂ, ਨਾ ਸੰਗਣ ਵਾਲਾ ਵਿਰਸਾ
ਏਕਓਂਕਾਰ ਦੇ ਰੰਗ ਵਿੱਚ, ਰੰਗਣ ਵਾਲਾ ਵਿਰਸਾ
ਜਾਬਰਾਂ ਨੂੰ ਸੂਲੀ ਉੱਤੇ ਵੀ, ਟੰਗਣ ਵਾਲਾ ਵਿਰਸਾ

- ਸੁੱਖੀ ਬਾਠ




*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #48

ਉਹ ਘਰ ਮੈਂ ਜੰਮਿਆ ਪਲਿਆ ਜਿੱਥੇ
ਉਹਦੀਆਂ ਕੰਧਾਂ ਨੂੰ ਹੱਥ ਲਾ ਕੇ
ਆਪਣਾ ਹੀ ਮਜ਼ਾ ਸੀ ਉਂਗਲ ਬਾਪੂ ਦੀ ਫੜ
ਆਪਣੀਆਂ ਪੈਲ਼ੀਆਂ ਦੇ ਵਿਚ ਜਾ ਕੇ

- ਸੁੱਖੀ ਬਾਠ




*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #49

ਸ਼ਹੀਦ-ਏ-ਆਜ਼ਮ ਦੇ ਸੁਪਨਿਆਂ ਦਾ ਸ਼ੇਰੋ
ਸਿਰਜੀਏ ਸਮਾਜ, ਨਾ ਹੋ ਜਾਏ ਕੁਵੇਲਾ
ਭਰਿਸ਼ਟਾਚਾਰਕ ਸਮਾਜਿਕ ਕੁਰੀਤੀਆਂ ਨੂੰ
ਭਜਾਉਣ ਲਈ ਹੁਣ ਗਰਜਣ ਦਾ ਵੇਲਾ!

- ਸੁੱਖੀ ਬਾਠ




## * ਸੁਖਾਵਤ #50

*ਸੁਖੀ + ਕਹਾਵਤ = ਸੁਖਾਵਤ

ਸਫ਼ਲਤਾ ਦੇ ਪੰਧਾਂ 'ਤੇ ਪੰਜਾਬ ਭਵਨਾਂ ਤੋਂ,
ਅਸੀਂ ਚੱਲਦੇ ਜਾਵਾਂਗੇ।
ਇਕ ਤੋਂ ਬਾਅਦ ਇਕ ਮੀਲ ਪੱਥਰ
ਅਸੀਂ ਹਾਸਲ ਕਰਦੇ ਜਾਵਾਂਗੇ।
ਕਸਰ ਨਹੀਂ ਛੱਡਾਂਗੇ, ਜਦੋਂ ਤੱਕ
ਆਖ਼ਰੀ ਮੀਲ ਪੱਥਰ ਨਹੀਂ ਮਿਲ ਜਾਂਦਾ
ਵਿਸ਼ਵਾਸ ਕਰਦੇ ਹਾਂ,
ਪੰਜਾਬੀਅਤ ਨੂੰ ਮੁੜ ਲੀਹੇ ਚੜ੍ਹਾ ਕੇ ਆਵਾਂਗੇ

- ਸੁੱਖੀ ਬਾਠ




*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #51

ਪੰਜਾਬ ਭਵਨ ਦੇ ਵਿਹੜੇ ਦੇ ਵਿੱਚ
ਕਵਿਤਾਵਾਂ-ਕੁੜੀਆਂ ਗਿੱਧਾ ਪਾਉਣ
ਸੱਭਿਆਚਾਰ ਦੀ ਫੇਰੀ ਕੱਢ ਕੇ
ਮਾਂ ਬੋਲੀ ਦਾ ਦਿਲ ਪਰਚਾਉਣ

ਕਿਤਾਬਾਂ-ਮਾਂਵਾਂ, ਖੁਸ਼ੀ ਵਿੱਚ ਝੂਮਣ
ਸਾਹਿਤ-ਸੁਹਾਗ ਦੀ ਘੋੜੀ ਗਾਉਣ
ਵੀਰਾ-ਵਿਰਸਿਆ, ਸਜਾ ਲੈ ਸੇਹਰਾ
ਚੱਲੀਏ ਪੰਜਾਬੀਅਤ ਲਾੜੀ ਵਿਆਹੁਣ

- ਸੁੱਖੀ ਬਾਠ



## * ਸੁਖਾਵਤ #52

*ਸੁਖੀ + ਕਹਾਵਤ = ਸੁਖਾਵਤ

**ਮੈਂ ਪੰਜਾਬ ਭਵਨ ਸਾਂਝਾ ਇਕ ਮੰਦਰ ਹਾਂ**
**ਵਿੱਚ ਸ਼ਹਿਰ ਸਰੀ 'ਤੇ ਮੈਂ ਜਲੰਧਰ ਹਾਂ**
**ਮਾਂ ਬੋਲੀ ਦੀ ਹੁੰਦੀ ਏ, ਨਿੱਤ ਅਰਦਾਸ**
**ਸੱਭਿਆਚਾਰ ਨੂੰ ਮਿਲਦਾ ਏ, ਧਰਵਾਸ**
**ਵਿਰਸੇ ਦੇ ਪਾਠ ਵੀ, ਰਖਵਾਏ ਜਾਂਦੇ ਨੇ**
**ਸਾਹਿਤ ਦੇ ਲੰਗਰ, ਵਰਤਾਏ ਜਾਂਦੇ ਨੇ**
**ਕੋਈ ਵੀ ਆ ਜਾਏ, ਜੀਆਇਆਂ ਨੂੰ**
**ਮੈਨੂੰ ਖੁਸ਼ੀ ਹੋਵੇ, ਗਲੇ ਲਗਾਇਆਂ ਨੂੰ**
**ਪੂਰਬ, ਪੱਛਮ, ਦੱਖਣ ਜਾਂ ਹੋਵੇ ਉੱਤਰ**
**ਅਸੀਂ ਹਾਂ ਇੱਕੋ ਪੰਜਾਬੀ ਮਾਂ ਦੇ ਪੁੱਤਰ!**

- ਸੁੱਖੀ ਬਾਠ



*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #53

ਪੰਜਾਬ ਭਵਨ ਵੱਲ, ਜਦ ਆਉਂਦੇ ਹੋ
ਸੱਭਿਆਚਾਰ ਦੇ ਸੁਫ਼ਨੇ ਜਗਾਉਂਦੇ ਹੋ
ਆਪਣਾ ਕਿਰਦਾਰ, ਨਿਭਾਉਂਦੇ ਹੋ
ਮਾਂ ਬੋਲੀ ਦਾ, ਮਾਣ ਵਧਾਉਂਦੇ ਹੋ...

- ਸੁੱਖੀ ਬਾਠ




*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #54

"ਸ਼ਬਦਾਵਿਕ ਫੁੱਲ ਮਾਂ ਬੋਲੀ ਦੇ, ਖਿਲਾਰਦੇ ਸੁਗੰਧੀਆਂ
ਪੰਜਾਬੀ ਸਾਹਿਤ ਦਾ ਵਿਹੜਾ, ਅੱਜ ਰਹੇ ਮਹਿਕਾਅ
ਮੱਠਾ ਮੱਠਾ ਸ਼ੋਰ, ਕਵਿਤਾਵਾਂ ਟਾਹਣੀਆਂ ਦੇ ਝੂਮਣ ਦਾ
ਪੰਜਾਬ ਭਵਨ ਮੰਚ ਤੋਂ ਕਲਮਾਂ, ਰਹੀਆਂ ਨੇ ਗਿੱਧਾ ਪਾ!

- ਸੁੱਖੀ ਬਾਠ"



*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #55

ਕੱਥਕ ਨਾਚ ਹੋਵੇ, ਵੀਰੋ
ਜਾਂ ਫਿਰ ਯੋਗਾ ਕਲਾਸ
ਕਿਸੇ ਵੀ ਕਿਸਮ ਦੀ ਬੈਠਕ
ਜਾਂ ਸੱਭਿਆਚਾਰਕ ਇਜਲਾਸ
'ਜੀ-ਆਇਆਂ' ਕਹਿਣ ਲਈ
ਅਸੀਂ ਰਹੀਏ ਸਦਾ ਤਿਆਰ
ਪੰਜਾਬ ਭਵਨ ਵੰਡਦਾ ਰਹੇ
ਸਭ ਨੂੰ ਦਿਲੋਂ ਪਿਆਰ!

- ਸੁੱਖੀ ਬਾਠ



*ਸੁਖੀ + ਕਹਾਵਤ = ਸੁਖਾਵਤ

*** ਸੁਖਾਵਤ #56**

ਪੰਜਾਬ ਭਵਨ ਹੈ ਵੀਰੋ ਇੱਕ, ਨਿਰਪੱਖ ਤੇ ਖ਼ਾਸ ਅਦਾਰਾ
ਬਣੇ ਹਰ ਧਰਮ, ਨਸਲ , ਜ਼ਾਤ ਤੇ ਵਰਗ ਲਈ ਸਹਾਰਾ
ਹਰ ਮੁਲਕ ਦੇ ਲੋਕ ਇਥੇ, ਇਕੱਠੇ ਹੋਣ ਨੂੰ ਆਉਂਦੇ ਨੇ
ਆਪਣੇ ਆਪਣੇ ਸੱਭਿਆਚਾਰ ਦੇ, ਉਤਸਵ ਮਨਾਉਂਦੇ ਨੇ
ਪੰਜਾਬੀਆਂ ਦੇ ਵਿਸ਼ਾਲ ਹਿਰਦਿਆਂ ਦਾ, ਇਹ ਪ੍ਰਤੀਕ ਹੈ
ਪੰਜਾਬ, ਪੰਜਾਬੀ ਮਾਂ ਬੋਲੀ ਦੇ ਹਰ ਦੁੱਖ-ਸੁੱਖ 'ਚ ਸ਼ਰੀਕ ਹੈ

- ਸੁੱਖੀ ਬਾਠ




*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #57

ਨਹੀਂ ਰੀਸਾਂ, ਵੀਰੋ
ਪੰਜਾਬ ਭਵਨਾਂ ਦੀਆਂ...
ਰਚਾਏ ਸਾਹਿਤਕ-ਯੱਗ
ਤੇ ਹਵਨਾਂ ਦੀਆਂ...

ਆਓ ਛਕੋ ਪੰਜਾਬੀਅਤ
ਦਾ ਪਰਸ਼ਾਦਾ...
ਵਿਰਸੇ ਦੀ ਨਿਭਾਓ
ਮਾਣ-ਮਰਯਾਦਾ...

- ਸੁੱਖੀ ਬਾਠ



*ਸੁਖੀ + ਕਹਾਵਤ = ਸੁਖਾਵਤ

*** ਸੁਖਾਵਤ #58**

“

**ਪੰਜਾਬੀ ਸੱਭਿਆਚਾਰ ਦੇ ਉਚੇਰੇ ਅਸਮਾਨਾਂ ਉੱਤੇ**
**ਪੰਜਾਬ ਭਵਨ ਸਰੀ ਨੇ ਭਰੀ, ਉਡਾਰੀ ਜਹਾਜ਼ ਵਾਲੀ**
**ਖੰਭਾਂ ਥੱਲੇ ਹਵਾ ਹੈ, ਸਭ ਮਾਂ ਬੋਲੀ ਪਿਆਰਿਆਂ ਦੀ**
**ਕਰੇ ਸੁੱਖੀ ਬਾਠ ਫਾਊਂਡੇਸ਼ਨ, ਬਣ ਰਡਾਰ ਰਖਵਾਲੀ**

- ਸੁੱਖੀ ਬਾਠ

”



## * ਸੁਖਾਵਤ #59

*ਸੁਖੀ + ਕਹਾਵਤ = ਸੁਖਾਵਤ

ਆਏ ਦਿਨ ਬਸ ਲੱਗਦੀਆਂ ਰਹਿੰਦੀਆਂ ਨੇ,
ਰੌਣਕਾਂ ਵੀਰੋ, ਵਿੱਚ ਪੰਜਾਬ ਭਵਨ...
ਪੰਜਾਬੀਅਤ ਦਾ ਸੁੱਖੀ ਬਾਠ ਰਚਾਉਂਦਾ,
ਜਿਵੇਂ ਕੋਈ ਸਾਹਿਤਕ ਯੱਗ ਜਾਂ ਹਵਨ...

ਆਉਦਾ ਜਾਂਦਾ ਜਿਹੜਾ ਕੋਈ ਮਰਜ਼ੀ,
ਸਾਹਿਤਕ-ਪਰਸ਼ਾਦਾ ਪ੍ਰੇਮ ਨਾਲ ਛਕ ਜਾਵੇ...
ਮਾਂ ਬੋਲੀ, ਸੱਭਿਆਚਾਰ ਦਾ ਇਹ ਭੰਡਾਰਾ,
ਵੀਰੋ ਮੁੱਕਣ 'ਚ ਕਦੀ ਵੀ ਨਾ ਆਵੇ...

- ਸੁੱਖੀ ਬਾਠ






# ਸਮਾਜ ਭਲਾਈ ਦੇ ਕੰਮ ਦੀਆਂ ਕਹਾਵਤਾਂ

* ਸੁਖਾਵਤ #60

*ਸੁਖੀ + ਕਹਾਵਤ = ਸੁਖਾਵਤ

ਕਿਸੇ ਦੀਨ-ਦੁਖੀ ਦੇ ਦਿਲ ਦਾ ਦੁੱਖੜਾ ਸੁਣ ਲੈਣਾ
ਵੀ ਕਿਸੇ ਇਲਾਜ ਨਾਲ਼ੋਂ ਘੱਟ ਨਹੀਂ ਹੁੰਦਾ।

\- ਸੁੱਖੀ ਬਾਠ



## * ਸੁਖਾਵਤ #61

*ਸੁਖੀ + ਕਹਾਵਤ = ਸੁਖਾਵਤ

ਮੇਰੇ ਰੱਬਾ ਰਾਤ ਨੂੰ, ਨਾ ਕੋਈ ਸੋਵੇਂ ਭੁੱਖਾ
ਬਾਬੇ ਨਾਨਕ ਦਾ ਮਿਲੇ, ਭਾਵੇਂ ਰੁੱਖਾ-ਸੁੱਖਾ
ਪੈਸੇ ਹੱਥੋਂ ਨਾ ਧੀ ਦੀ, ਡੋਲੀ ਰੁਕ ਜਾਵੇ
ਉਪਰੇਸ਼ਨ ਹੱਥੋਂ ਨਾ, ਅੱਖੀਂ ਲੋਅ ਮੁੱਕ ਜਾਵੇ

- ਸੁੱਖੀ ਬਾਠ




*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #62

ਓ ਰੱਬਾ ਮੇਰੀ ਥਾਲ਼ੀ ਵਿੱਚੋਂ
ਰੋਟੀ ਇਕ ਉਸ ਨੂੰ ਦੇਵੀਂ...
ਜਿਸ ਕੋਲ ਥਾਲ਼ੀ ਵੀ ਨਹੀਂ
ਸੁੱਕੀ ਜੀਭ ਵੀ ਪਾਣੀ ਨਾਲ ਭੇਵੀਂ..

- ਸੁੱਖੀ ਬਾਠ



## * ਸੁਖਾਵਤ #63

*ਸੁੱਖੀ + ਕਹਾਵਤ = ਸੁਖਾਵਤ

ਹੇ ਵਾਹਿਗੁਰੂ, ਮੈ ਦੂਜਿਆਂ ਲਈ
ਬਣਾਂ ਮਦਦ ਤੇ ਖੁਸ਼ੀ ਦਾ ਸਰੋਤ
ਹਰ ਦਿਨ ਮੇਰਾ ਜ਼ਿੰਦਗੀ ਦਾ ਦੂਜਿਆਂ ਨੂੰ
ਪਿਆਰ ਕਰਨ ‘ਚ ਲੰਘੇ...
ਮੇਰੇ ਜਨਮ ਲਈ, ਮੇਰੀ ਜਾਨ ਲਈ ਤੁਹਾਡਾ
ਕੋਟ ਕੋਟ ਧੰਨਵਾਦ
ਆਪਣੀ ਮੇਹਰ ਬਖ਼ਸ਼ਣਾ,
ਮੈ ਆਪਣੀ ਸੋਚ ਨੂੰ ਲਾਵਾਂ ਪਾਸੇ ਚੰਗੇ...

- ਸੁੱਖੀ ਬਾਠ




*** ਸੁਖਾਵਤ #64**

*ਸੁਖੀ + ਕਹਾਵਤ = ਸੁਖਾਵਤ

**ਕਦੇ ਖ਼ੁਦ ਗਰੀਬੀ ਵਿੱਚ ਰੁਲ਼ਿਆ ਸਾਂ**
**ਤੰਗੀਆਂ ਦੇ ਝੱਖੜ ਝੁੱਲੇ ਸਨ**
**ਹੁਣ ਰੱਬ ਨੇ ਏਨਾ ਦੇ ਛੱਡਿਆ**
**ਵੰਡਣ ਲਈ ਸਦਾ ਦਰ ਖੁੱਲ੍ਹੇ ਹਨ!**

- ਸੁੱਖੀ ਬਾਠ



*** ਸੁਖਾਵਤ #65**

*ਸੁਖੀ + ਕਹਾਵਤ = ਸੁਖਾਵਤ

**ਇਹ ਹੱਥ ਦੇਵਣ ਲਈ ਅੱਗੇ ਕੱਢੀਏ**
**ਦਸਵੰਧ ਲੋੜੀਂਦੇ ਨੂੰ ਦੇ ਛੱਡੀਏ!**

- ਸੁੱਖੀ ਬਾਠ



*ਸੁੱਖੀ + ਕਹਾਵਤ = ਸੁਖਾਵਤ

## * ਸੁਖਾਵਤ #66

ਫੀਸ ਹੱਥੋਂ ਬੱਚੇ ਨਾ ਘਰ ਬਹਿ ਜਾਵਣ
ਝੁੱਗੀਆਂ 'ਚ ਨਾ ਤਪਿਸ਼-ਪਾਲਾ, ਸਹਿ ਜਾਵਣ
'ਸੁੱਖੀ' ਅਨੋਖਾ ਬੱਸ ਇੱਕ ਸੁਪਨਾ
ਸੇਵਾ ਕਰਨ ਤੋਂ ਨਾ ਕਦੀ ਰੁਕਨਾ

- ਸੁੱਖੀ ਬਾਠ




*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #67

ਹੋਰ ਨਹੀਂ ਤਾਂ ਸਕੂਲ ਦੀ ਡਿੱਗੀ ਕੰਧ ਨੂੰ ਕੱਢਵਾ ਦਈਏ
ਸਿਉਂਕ ਖਾਧਾ ਗੇਟ ਹਟਾ, ਕੋਈ ਲੋਹੇ ਦਾ ਗਡਵਾ ਦਈਏ
ਫੱਟੀ, ਸਲੇਟ, ਕੈਦੇ-ਕਾਪੀਆਂ, ਮੁਫ਼ਤ 'ਚ ਵੰਡਵਾ ਦਈਏ
ਥੋੜ੍ਹਾ ਥੋੜ੍ਹਾ ਕਰ ਮਾਂ ਬੋਲੀ ਦੇ, ਤਲਾਬ ਨੂੰ ਭਰਵਾ ਦਈਏ!

ਹੋਣਹਾਰ ਗਰੀਬ ਬੱਚੇ ਨੂੰ, ਸਾਈਕਲ ਉੱਤੇ ਚੜ੍ਹਾ ਦਈਏ
ਵਰਦੀ, ਗਰਮੀ ਸਰਦੀ ਵਾਲੀ, ਦੂਜੇ ਨੂੰ ਸਿਲਵਾ ਦਈਏ
ਟੁੱਟੀਆਂ ਹੋਈਆਂ ਚੱਪਲ਼ਾਂ ਦੀ ਥਾਂ, ਬੂਟਾਂ ਨੂੰ ਪਵਾ ਦਈਏ
ਥੋੜ੍ਹਾ ਥੋੜ੍ਹਾ ਕਰ ਮਾਂ ਬੋਲੀ ਦੇ, ਤਲਾਬ ਨੂੰ ਭਰਵਾ ਦਈਏ!

- ਸੁੱਖੀ ਬਾਠ



* ਸੁਖਾਵਤ #68

*ਸੁਖੀ + ਕਹਾਵਤ = ਸੁਖਾਵਤ

ਜੇ ਧੰਨ ਹੈ ਤਾਂ ਕਰ ਇਹ ਇਰਾਦਾ
ਸਮਾਜ ਭਲੇ ਲਈ ਇਸ ਦਾ ਫ਼ਾਇਦਾ
ਮਾਨਸਿਕ ਸ਼ਾਂਤੀ ਸਭ ਨੂੰ ਮਿਲ ਜਾਵੇ
ਸੁਖੀ ਵੱਸਣ ਦਾ ਬਸ ਇਹ ਕ਼ਾਇਦਾ

\- ਸੁੱਖੀ ਬਾਠ



*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #69

ਭੁੱਖੇ ਦੇ ਹੱਥੀਂ ਰੋਟੀ ਦੇਣਾ
ਵਸਤਰ ਪਾਉਣੇ ਨੰਗੇ ਨੂੰ...
ਜ਼ਰਾ ਨਾ ਦੇਰੀ ਕਰੀਂ ਐ ਬੰਦੇ
ਕਰਮ ਇਹ ਕਰ ਲੈ ਚੰਗੇ ਨੂੰ...

- ਸੁੱਖੀ ਬਾਠ



*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #70

**ਮੈਂ ਧਰਮੀ ਨਹੀਂ ਦੋਸਤੋ, ਐਪਰ ਦਿਆਲੂ ਹਾਂ**
**ਮਾਨਵਤਾ ਦੇ ਧਰਮ ਦਾ, ਮੈਂ ਇਕ ਸ਼ਰਧਾਲੂ ਹਾਂ!**

- ਸੁੱਖੀ ਬਾਠ



## * ਸੁਖਾਵਤ #71

*ਸੁਖੀ + ਕਹਾਵਤ = ਸੁਖਾਵਤ

**ਮਿੱਤਰੋ ਆਓ ਆਪਣਾ ਫ਼ਰਜ਼ ਨਿਭਾਈਏ**
**ਗੁਰਬਤ ਵਿਚ ਰਹਿੰਦੇ ਦੀ ਗ਼ਰਜ਼ ਜੀਵਾਈਏ**
**ਜੋ ਕੁਝ ਬਣਦੈ ਪਾਈਏ ਫਿਰ ਓਦ੍ਹੀ ਝੋਲ਼ੀ**
**ਮੁਸ਼ਕਲਾਂ ਦੀ ਪੰਡ ਓਦ੍ਹੀ ਕੁਝ ਹੋਵੇ ਹੌਲੀ**

- ਸੁੱਖੀ ਬਾਠ



*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #72

ਝੁੱਗੀਆਂ-ਝੌਂਪੜੀਆਂ ਵਿੱਚੋਂ ਦੋਸਤੋ
ਲੱਖਾਂ ਬੱਚਿਆਂ ਨੂੰ ਬਾਹਰ ਦਈਏ ਆਉਣ
ਸਕੂਲੇ ਜਾ ਕੇ ਪੜ੍ਹਨ-ਲਿਖਣ ਦੀਆਂ
ਰੀਝਾਂ, ਚਾਵਾਂ ਨੂੰ ਉਹ ਲੈਣ ਪੁਗਾਉਣ

- ਸੁੱਖੀ ਬਾਠ



* ਸੁਖਾਵਤ #73

*ਸੁਖੀ + ਕਹਾਵਤ = ਸੁਖਾਵਤ

ਇੱਧਰ-ਉੱਧਰ ਦੇ ਕੰਮਾਂ 'ਤੇ ਮੈਂ
ਪੈਸਾ ਲਾਉਣ ਲਈ ਗ਼ਰੀਬ ਹਾਂ
ਭਲਾਈ ਦੇ ਕੰਮੀਂ ਲਾਉਣ ਲਈ
ਤੁਹਾਡੇ ਦਿਲ ਦੇ ਕਰੀਬ ਹਾਂ!

- ਸੁੱਖੀ ਬਾਠ




## * ਸੁਖਾਵਤ #74

*ਸੁਖੀ + ਕਹਾਵਤ = ਸੁਖਾਵਤ

ਅਮੀਰਾਂ ਨਾਲ ਭਾਵੇਂ ਬਣਦੀ ਨਾਹੀਂ
ਗ਼ਰੀਬ ਕਦੀ ਵੀ ਭੁੱਲਣ ਨਾ
ਰਹਿਮਤ ਵਾਹਿਗੁਰੂ ਏਨੀ ਬਖਸ਼ੀਂ
ਗ਼ਰੀਬਾਂ ਦੇ ਅੱਥਰੂ, ਭੁੱਲਣ ਨਾ

- ਸੁੱਖੀ ਬਾਠ




*ਸੁਖੀ + ਕਹਾਵਤ = ਸੁਖਾਵਤ

*** ਸੁਖਾਵਤ #75**

ਨਹੀਂ ਘਟਦਾ, ਦੇਣ ਨਾਲ ਕਿਸੇ ਨੂੰ
ਸਗੋਂ ਚੋਖੀਆਂ ਬਰਕਤਾਂ ਪੈਣ
ਗ਼ਰੀਬਾਂ ਨੂੰ ਵੀ ਇਹ ਆਸਾਂ ਹਨ
ਉਹ ਕ੍ਰਿਨੂ ਜਾ ਕੇ ਕਹਿਣ?

- ਸੁੱਖੀ ਬਾਠ



*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #76

**ਕਿਸੇ ਦੂਜੇ ਨੂੰ ਸੁਖ ਦੇਣ 'ਚ ਹੀ ਸੁਖ, ਸੁੱਖੀ ਆਏ**
**ਰੱਬਾ ਹਰ ਸਵਾਸ, ਦੂਜੇ ਨੂੰ ਸੁਖ ਦੇਣ 'ਚ ਹੀ ਜਾਏ**

- ਸੁੱਖੀ ਬਾਠ




*** ਸੁਖਾਵਤ #77**

*ਸੁਖੀ + ਕਹਾਵਤ = ਸੁਖਾਵਤ

**ਕਿਸ ਕੰਮ ਦਾ ਏ, ਤੇਰਾ ਪੰਜ ਫੁੱਟਾ ਬੁੱਤ**
**ਜੇ ਆਪੇ 'ਚ ਹੀ, ਲਗਾ ਰੱਖਣੀ ਏ ਸੁੱਤ**
**ਦੂਜੇ ਦੀ ਗ਼ਮੀ ਖੁਸ਼ੀ 'ਚ, ਸਾਥੀ ਬਣ ਵੇਖ**
**ਵੇਖ ਕਿੱਦਾਂ ਸੁਧਰਣਗੇ ਤੇਰੇ ਫਿਰ ਲੇਖ**

- ਸੁੱਖੀ ਬਾਠ



## * ਸੁਖਾਵਤ #78


*ਸੁਖੀ + ਕਹਾਵਤ = ਸੁਖਾਵਤ

“

ਬਜ਼ੁਰਗਾਂ ਦੀ ਸੇਵਾ ‘ਚ ਮਿਲੇ ਜੋ ਸਕੂਨ...
ਸਦਾ ਕਰਦੇ ਰਹੀਏ ਐਸਾ ਬਣ ਜਾਏ ਜਨੂਨ...

- ਸੁੱਖੀ ਬਾਠ

”



*** ਸੁਖਾਵਤ #79**

*ਸੁਖੀ + ਕਹਾਵਤ = ਸੁਖਾਵਤ

"ਆਓ ਕਰੀਏ ਰਲ ਕੇ ਸੇਵਾ
ਬੇਘਰੇ, ਅਪਾਹਜ, ਲੋੜਵੰਦਾਂ ਦੀ
'ਸੁੱਖੀ' ਪਰਵਾਹ ਕੀ ਕਰਨੀ ਫਿਰ
ਫਿਰਕਾਪ੍ਰਸਤੀ ਦੀਆਂ ਕੰਧਾਂ ਦੀ"

\- ਸੁੱਖੀ ਬਾਠ



*** ਸੁਖਾਵਤ #80**

*ਸੁਖੀ + ਕਹਾਵਤ = ਸੁਖਾਵਤ

**ਨਹੀਂ ਮਿਲਦਾ ਕਿਤੇ ਇਹ ਮਿੱਠੜਾ ਮੇਵਾ...**
**ਜੋ ਲੱਭਦਾ ਵਿੱਚ, ਬਜ਼ੁਰਗਾਂ ਦੀ ਸੇਵਾ...**

- ਸੁੱਖੀ ਬਾਠ



*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #81

ਆਪਣੀਆਂ ਅੱਖਾਂ ਨੂੰ, ਆਪ ਦਾਨ ਕਰੋ
ਦੂਜੇ ਦੀਆਂ ਅੱਖੀਆਂ 'ਚ, ਰੌਸ਼ਨੀ ਭਰੋ
ਅੰਤ ਇਹ ਮਿੱਟੀ ਵਿੱਚ ਮਿਲ ਜਾਵਣ
ਫਿਰ ਕਿਸੇ ਕੰਮ, ਅੱਖੀਆਂ ਨਾ ਆਵਣ

- ਸੁੱਖੀ ਬਾਠ



*ਸੁਖੀ + ਕਹਾਵਤ = ਸੁਖਾਵਤ

*** ਸੁਖਾਵਤ #82**

ਜੀਓ ਅਤੇ ਦੂਜਿਆਂ ਨੂੰ ਜੀਣ ਲਈ ਸਹਾਈ ਹੋਵੋ
ਜੀਵਨ ਤਾਂ ਅਨਮੋਲ ਇਕ ਦਾਤ ਹੈ ਵੀਰੋ
ਆਓ ਖੁੱਲ੍ਹ ਕੇ ਮਿਲੀਏ, ਖੁੱਲ੍ਹੀਆਂ ਬਾਹਾਂ ਦੇ ਨਾਲ
ਬੱਸ ਵੰਡੋ ਪਿਆਰ, ਆਉਂਦੇ ਜਾਂਦੇ ਸਾਹਾਂ ਦੇ ਨਾਲ

- ਸੁੱਖੀ ਬਾਠ



*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #83

ਭੁੱਖਾ ਜੇ ਮਿਲੇ ਤਾਂ ਉਹਦੇ ਹੱਥ ਰੋਟੀ ਦੇਵੋ
ਨੰਗਾ ਜੇ ਮਿਲੇ, ਤਨ ਢੱਕਣ ਨੂੰ ਲੰਗੋਟੀ ਦੇਵੋ
ਅੰਨਾ ਜੇ ਮਿਲੇ, ਉਹਨੂੰ ਰਸਤਾ ਦਿਖਾਓ ਯਾਰੋ
ਇੱਕ ਦੂਜੇ ਦਾ ਦੁੱਖ-ਦਰਦ ਵੰਡਾਓ ਯਾਰੋ...

- ਸੁੱਖੀ ਬਾਠ





# ਆਮ ਜੀਵਨ ਦੀਆਂ ਸਬਕ-ਕਹਾਵਤਾਂ

## * ਸੁਖਾਵਤ #84

*ਸੁਖੀ + ਕਹਾਵਤ = ਸੁਖਾਵਤ

ਦੋਸਤੋ, ਦੁਨਿਆਵੀ ਜੰਗ ਜਿੱਤਣ ਲਈ
ਜੇ ਕਿਸੇ ਹਥਿਆਰ ਦੀ ਲੋੜ ਹੈ
ਤਾਂ ਉਸ ਦਾ ਨਾਮ ਹੈ 'ਮੁਹੱਬਤ'
ਜਰਾ ਕਰ ਕੇ ਤਾਂ ਵੇਖੋ!

- ਸੁੱਖੀ ਬਾਠ



*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #85

ਮੁਹੱਬਤਾਂ ਦੇ ਗਾਹਕ ਹਰ ਜਗ੍ਹਾ ਹੁੰਦੇ ਨੇ
ਦਿਲ ਦੀ ਦੁਕਾਨ ਨੂੰ ਬਸ ਖੋਲ੍ਹਣ ਦੀ ਦੇਰ ਹੈ

- ਸੁੱਖੀ ਬਾਠ



*ਸੁਖੀ + ਕਹਾਵਤ = ਸੁਖਾਵਤ

*** ਸੁਖਾਵਤ #86**

**ਨਿੱਕੀ ਜਿਹੀ ਜ਼ਿੰਦਗੀ, ਇਹਨੂੰ ਰੱਜ ਰੱਜ ਮਾਣੋ**
**ਪਲ ਪਲ ਵਡਮੁੱਲਾ ਹੈ, ਖ਼ਜ਼ਾਨਾ ਇਹਨੂੰ ਜਾਣੋ**
**ਨਫ਼ਰਤਾਂ ਦੇ ਜ਼ਹਿਰ, ਦੂਰ-ਦੁਰਾਡੇ ਡੋਲ੍ਹ ਆਓ**
**ਪਿਆਰਾਂ ਵਾਲੇ ਜਾਮ ਘੋਲ਼, ਪੀਓ ਤੇ ਪਿਲਾਓ!**

- ਸੁੱਖੀ ਬਾਠ




*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #87

ਸਿਹਤਮੰਦ ਸੋਚਾਂ ਦੀ ਬੀਜੀਏ ਫ਼ਸਲ
ਲੱਗ ਜਾਵਣ ਬੋਹਲ ਖ਼ੁਸ਼ਹਾਲੀਆਂ ਦੇ
ਵਿਉਪਾਰ ਕਰੀਏ ਨਵੇਂ ਸੁਫ਼ਨਿਆਂ ਦਾ
ਬਜ਼ਾਰ ਬੰਦ ਹੋ ਜਾਣ ਮੰਦਹਾਲੀਆਂ ਦੇ

- ਸੁੱਖੀ ਬਾਠ




## * ਸੁਖਾਵਤ #88

*ਸੁਖੀ + ਕਹਾਵਤ = ਸੁਖਾਵਤ

ਜ਼ਿੰਦਗੀ ਦੇ ਅਸਮਾਨ ਉੱਤੇ
ਜੇ ਅੱਜ ਘੋਰ ਬੱਦਲ ਚੜ੍ਹ ਆਏ ਨੇ
ਫਿਰ ਕੀ ਹੋਇਆ, ਦਿਲ ਰੱਖ
ਕਿਉਂ ਬੁੱਲ ਐਵੇਂ ਲਟਕਾਏ ਨੇ

ਸਮੇਂ ਕਦੀ ਇੱਕੋ ਜਿਹਾ ਨਹੀਂ ਰਹਿਣਾ
ਬਦਲ ਜਾਣੀ ਏਂ ਇਸ ਦੀ ਵੀ ਚਾਲ
ਨਵਾਂ ਦਿਨ ਸ਼ੁਰੂ ਕਰਿਆ ਕਰ
ਉਮੀਦ ਦੀ ਸਤਰੰਗੀ ਪੀਂਘ ਦੇ ਨਾਲ

- ਸੁੱਖੀ ਬਾਠ



*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #89

ਪਿਆਰਾਂ ਦੇ ਬੀਜ ਖਲੇਰ, ਖੁਸੀਆਂ ਉਗਾਅ ਲਈਏ...
ਕੀ ਰੱਖਿਐ ਵੈਰ ਵਿਰੋਧਾਂ ਵਿੱਚ, ਗਲ਼ਵੱਕੜੀਆਂ ਪਾ ਲਈਏ...
ਕੱਟੀਏ ਨਾ ਕੇਵਲ ਜ਼ਿੰਦਗੀ, ਜਿਊਣਾ ਵੀ ਸਿੱਖ ਲਈਏ...
ਬਣ ਉਸ ਦੇ ਦਰ ਦੇ ਮੰਗਤੇ, ਭਲਿਆਂ ਦੀ ਭਿੱਖ ਲਈਏ...

- ਸੁੱਖੀ ਬਾਠ



*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #90

ਆਓ ਦਿਲਾਂ 'ਚ ਮੁਹੱਬਤਾਂ ਦੇ ਦੀਵੇ ਬਾਲ਼ੀਏ
ਡਿਗਦੇ ਢਹਿੰਦੇ ਨੂੰ, ਬਾਹੋਂ ਫੜ ਕੇ ਉਠਾਲ਼ੀਏ
ਕੰਧਾਂ ਉੱਤੇ ਦੀਵੇ ਅਸੀਂ, ਬੇਸ਼ਕ ਹਾਂ ਬਾਲ਼ਦੇ
ਮਾਨਵਤਾ ਲਈ ਪ੍ਰੇਮ ਨੂੰ, ਅਸੀਂ ਕਿਉਂ ਨਹੀਂ ਪਾਲ਼ਦੇ?

- ਸੁੱਖੀ ਬਾਠ



*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #91

ਪਿਆਰ ਕਰਨ ਲਈ, ਬਣੇ ਸਨ ਲੋਕ
ਸ਼ੁਰੂ ਕਰ ਦਿੱਤਾ ਵਰਤਨਾ, ਚੀਜਾਂ ਵਾਂਗ
ਬੰਦੇ ਨੂੰ ਬੰਦਾ ਸਮਝ, ਚੱਲਦਾ ਨਾ ਬੰਦਾ
ਇੱਕਵੀਂ ਸਦੀ 'ਚ ਉਂਝ, ਭਰੀ ਏ ਉਲਾਂਘ

ਚੀਜ਼ਾਂ ਜਿਹੀਆਂ, ਨਾ ਸਮਝੋ ਲੋਕਾਂ ਨੂੰ ਵੀਰੋ
ਸਭ ਤਾਂ ਆਪਣੇ ਵਰਗੇ ਹੀ ਇਨਸਾਨ ਨੇ
ਕਿਦਾਂ ਦੀ ਖੁਸ਼ਕ ਹਵਾ ਚੱਲੀ ਏ ਮਾਲਕਾ
ਖੰਭ ਲਾ ਉੱਡ ਗਏ, ਦੀਨ ਤੇ ਇਮਾਨ ਨੇ

- ਸੁੱਖੀ ਬਾਠ



## * ਸੁਖਾਵਤ #92

*ਸੁਖੀ + ਕਹਾਵਤ = ਸੁਖਾਵਤ

ਜੀਵਨ ਵਿੱਚ ਵੀਰੋ ਭਾਵੇਂ, ਸਭ ਕੁਝ ਹਾਸਲ ਕਰ ਲੈਣਾ
ਮਾਪਿਆਂ ਦਿੱਤਾ ਮੁਲਾਇਮ ਜਿਹਾ, ਦਿਲ ਉਹੀ ਰੱਖਿਓ
ਗਰੀਬੜਿਆਂ ਦੇ ਮੂੰਹ ਨੂੰ ਗੁਰੂ ਦੀ, ਗੋਲਕ ਕਰ ਜਾਣਿਓ
ਤੇ ਸਫ਼ਲਤਾ ਦੇ ਸਵਾਦ ਨੂੰ, ਬਹਾਏ ਪਸੀਨੇ ਨਾਲ ਚੱਖਿਓ!

- ਸੁੱਖੀ ਬਾਠ



*ਸੁਖੀ + ਕਹਾਵਤ = ਸੁਖਾਵਤ

*** ਸੁਖਾਵਤ #93**

"ਰੱਬਾ ਤੇਰੀਆਂ ਹੀ ਨੇ, ਸਭ ਰਹਿਮਤਾਂ
ਪਿਆਰ ਦਾ ਸਭ ਨੂੰ, ਪੜ੍ਹਾਈਂ ਪਾਠ
ਕੁੱਲ ਜਹਾਨ ਉੱਤੇ, ਬਣੀ ਰਹੇ ਸ਼ਾਂਤੀ
ਕਿੱਦਾਂ ਸ਼ੁਕਰ ਕਰੇ ਤੇਰਾ, ਸੁੱਖੀ ਬਾਠ"

- ਸੁੱਖੀ ਬਾਠ




## * ਸੁਖਾਵਤ #94

*ਸੁਖੀ + ਕਹਾਵਤ = ਸੁਖਾਵਤ

ਆਓ ਯਾਰੋ! ਆਪਣਾ ਅਸਲੀ ਖਾਸਾ ਪਹਿਚਾਣੀਏ
ਸਾਡੇ ਉੱਤੇ ਗੁਰਾਂ ਦੀ ਹਮੇਸ਼ਾ, ਬਹੁਤ ਵੱਡੀ ਮਿਹਰ ਹੈ
ਫਿਰ ਉਦਾਸ ਤੇ ਨਿਰਾਸ਼, ਕਿਉਂ ਤਨਾਵ ਵਿੱਚ ਰਹੀਏ
ਜਦ ਹਰ ਰਾਤ ਦੀ ਥਾਂ ਲੈ ਲੈਂਦੀ ਸੱਜਰੀ ਸਵੇਰ ਹੈ!

- ਸੁੱਖੀ ਬਾਠ




*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #95

ਕੋਈ ਵੀ ਕੰਮ ਛੋਟਾ ਨਹੀਂ ਹੁੰਦਾ
ਸਾਡੀ ਸੋਚ ਹੀ ਹੁੰਦੀ ਹੈ ਛੋਟੀ
ਜੇ ਰੇੜ੍ਹੀ ਵੀ ਲਾਉਣੀ ਪੈ ਜਾਏ
ਪਿੱਛੇ ਨਾ ਹਟੋ ਕਮਾਉਣੋ ਰੋਟੀ

- ਸੁੱਖੀ ਬਾਠ



## * ਸੁਖਾਵਤ #96

*ਸੁਖੀ + ਕਹਾਵਤ = ਸੁਖਾਵਤ

ਕੁਲੀ ਦੀ ਤਰ੍ਹਾਂ, ਆਓ ਕੰਮ ਕਰੀਏ
ਰਾਜਿਆਂ ਦੀ ਤਰ੍ਹਾਂ ਰਹੀਏ...
ਇਹ ਕਹਾਵਤ ਅਪਣਾਈ, ਖੁਸ਼ ਰਿਹਾ ਮੈਂ
ਜਿਹੜੀ ਗੱਲ ਹੈ ਜੀ, ਸੱਚ ਕਹੀਏ...

- ਸੁੱਖੀ ਬਾਠ



*ਸੁੱਖੀ + ਕਹਾਵਤ = ਸੁਖਾਵਤ

## * ਸੁਖਾਵਤ #97

ਵਾਹ, ਨੀ 'ਸੁੱਖੀ' ਦੀਏ ਜਿੰਦੜੀਏ...
ਗੁਜ਼ਰੀਂ ਏਂ ਹੁਣ ਤੱਕ ਕਿੰਨੀ ਖ਼ੂਬ
ਕੀ ਖੱਟਿਆ 'ਤੇ ਕੀ ਕਮਾਇਆ
ਦਿਲ ਲਾਵੇ ਪਿਆ ਜਿਵੇਂ ਹਿਸਾਬ
ਪਾਇਆ ਹੀ ਸਭ ਜਾਪੇ ਇਹਨੂੰ
ਰੱਬੀ-ਮੇਹਰ ਦਾ ਨਾ ਨਹੀਂ ਜਵਾਬ!

- ਸੁੱਖੀ ਬਾਠ



*ਸੁੱਖੀ + ਕਹਾਵਤ = ਸੁਖਾਵਤ

## * ਸੁਖਾਵਤ #98

ਉਹੀ ਦਿਨ ਤੁਹਾਡਾ ਹੈ ਜ਼ਿੰਦਗੀ ਦਾ
ਖੁੱਲ੍ਹ ਕੇ ਹੈ ਜੋ ਜੀਅ ਲਿਆ
ਛੱਡੋ ਵੇਖਣਾ ਦਿਨਾਂ ਕੈਲੰਡਰਾਂ ਨੂੰ
ਘੁੱਟ-ਘੁੱਟ ਕੇ ਜਿਊਣ 'ਚ ਕੀ ਪਿਆ?

- ਸੁੱਖੀ ਬਾਠ



*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #99

ਔਰਤ ਇਕ ਮਾਂ, ਭੈਣ, ਪਤਨੀ, ਦੋਸਤ
ਧੀ ਦੇ ਰੂਪ ਵਿੱਚ ਹੈ ਇੱਕ ਜੀਵਨ ਜੋਤ
ਜਿਓਂ ਧਰਤੀ ਬਿਨ ਸੰਭਵ ਨਹੀਂ ਦੁਨੀਆਂ
ਔਰਤ ਬਿਨ ਜੀਵਨ ਦਾ ਨਹੀਂ ਹੋਰ ਸਰੋਤ!

- ਸੁੱਖੀ ਬਾਠ




*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #100

ਬੁਢੇਪੇ ਵਿੱਚ ਮਾਪਿਆਂ ਦੇ ਕੋਲ ਹੋ, ਤਾਂ ਕਰਮਾਂ ਵਾਲੇ ਹੋ
ਸੇਵਾ ਕਰਦੇ ਹੋ ਵਡੇਰਿਆਂ ਦੀ, ਤਾਂ ਧਰਮਾਂ ਵਾਲੇ ਹੋ
ਯਾਦ ਰਹੇ ਬਜ਼ੁਰਗ ਤਾਂ, ਅਸੀਂ ਵੀ ਇੱਕ ਦਿਨ ਹੋਣਾ ਹੈ
ਵੱਢਾਂਗੇ ਫ਼ਸਲ ਉਹੀ, ਜੋ ਬੀਜ ਆਖਰ ਨੂੰ ਬੋਣਾ ਹੈ!

- ਸੁੱਖੀ ਬਾਠ



## * ਸੁਖਾਵਤ #101

*ਸੁਖੀ + ਕਹਾਵਤ = ਸੁਖਾਵਤ

ਕੱਦ, ਕਾਰੋਬਾਰ ਭਾਵੇਂ
ਛੂਹ ਜਾਵੇ ਅਸਮਾਨ ਨੂੰ
ਪੈਰ ਆਪਣੇ ਫਿਰ ਵੀ
ਜ਼ਮੀਨ ਉੱਪਰ ਰੱਖਣੇ...

ਦੂਜਿਆਂ ਨੂੰ ਉੱਚੇ ਕਰ
ਆਪ ਉੱਚਿਆਂ ਹੋਣਾ
ਨਹੀਂ ਤਾਂ ਉੱਤੋਂ ਭਰੇ ਦਿਸੋ
ਪਰ ਅੰਦਰੋਂ ਹੋਵੋ ਸੱਖਣੇ...

- ਸੁੱਖੀ ਬਾਠ



*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #102

ਧੰਨ ਕਮਾਉਣ ਦੀ, ਅੰਨ੍ਹੀ ਦੌੜ
ਕਈ ਵਾਰ ਕਰਦੀ, ਝੁੱਗਾ ਚੌੜ
ਦਸਾਂ ਨੌਂਹਾਂ ਦੀ ਹੀ, ਕਮਾਈਏ
ਕੁਝ ਚੰਗੇ ਕੰਮਾਂ ਤੇ ਵੀ, ਲਾਈਏ

ਖਾਣੀ ਦੋ ਬੁਰਕੀਆਂ ਹੀ, ਰੋਟੀ
ਸਿਰ ਤੇ ਛੱਤ, ਤੇ ਤਿੜ ਲੰਗੋਟੀ
ਸ਼ੁਕਰ ਕਰੋ, ਉਸ ਐਨਾ ਦਿੱਤਾ
ਵਧੇ ਫਲੇਗਾ, ਹੋਰ ਵੀ ਕਿੱਤਾ!

- ਸੁੱਖੀ ਬਾਠ



*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #103

ਇਹ ਦੀਵਾ ਵੀ ਏ ਖ਼ਾਕ ਦਾ,
ਤੇਲ ਬੱਤੀ ਆਈ ਖ਼ਾਕ ਤੋਂ
ਖ਼ਾਕ ਖੌਰੂ ਕਰਨ ਵਾਲੀ
ਨ੍ਹੇਰੀ ਡੱਕਣੀ ਪੈ ਰਈ ਏ...

ਰਹਿਮ ਕਰੋ ਖ਼ਾਕ ਦਾ ਮੁੱਲ
ਖ਼ਾਕ ਪਾਉਣ ਵਾਲਿਓ
ਖ਼ਾਕ ਉੱਤੇ ਰਹਿ ਕੇ ਵੀ,
ਖ਼ਾਕ ਫੱਕਣੀ ਪੈ ਰਈ ਏ...

- ਸੁੱਖੀ ਬਾਠ



*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #104

“ਰੱਬਾ ਕਦੋਂ ਟੁੱਟਣਗੀਆਂ, ਯੁੱਧ ਕਰਨ-ਕਰਾਣ ਦੀਆਂ ਆਦਤਾਂ
ਜਦੋਂ ਮਰਨ-ਮਰਾਣ ਲਈ ਲੋਕ, ਹਥਿਆਰ ਨਾ ਚਲਾਉਣਗੇ
ਇੱਕ ਪਰਵਾਰ ਵਜੋਂ ਰਹਿਣਗੀਆਂ, ਇਕੱਠੀਆਂ ਸੱਭ ਕੌਮਾਂ
ਮੁਸ਼ਕਲ ਸਮਿਆਂ ‘ਚ, ਸੰਸਾਰ ਭਰ ‘ਚ ਸ਼ਾਂਤੀ ਬਨਾਉਣਗੇ

- ਸੁੱਖੀ ਬਾਠ”




*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #105

ਜ਼ਿੰਦਗੀ ਇੰਨੀ ਔਖੀ ਨਹੀਂ
ਅਸੀਂ ਬਣਾ ਲਈ ਹੈ ਜਿੰਨੀ
ਹਟਦੇ ਹੀ ਨਹੀਂ ਅਸੀਂ, ਮੰਗਾਂ,
ਤਮੰਨਾਵਾਂ, ਉਮੀਦਾਂ ਬਣਾਉਣ ਲਈ...

ਰੋਜ਼ ਰੋਜ਼ ਹੋਰ ਵੱਡੀਆਂ ਤੋਂ ਵੱਡੀਆਂ
ਕਰੀ ਜਾਂਦੇ ਹਾਂ ਇੰਨ੍ਹਾਂ ਨੂੰ
ਪਤਾ ਵੀ ਹੈ ਸਿਕੰਦਰ ਵਰਗੇ ਗਏ ਖਾਲੀ
ਮੁੜ ਪਰਤ ਕੇ ਨਾ ਆਉਣ ਲਈ...

- ਸੁੱਖੀ ਬਾਠ




*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #106

ਇਨਸਾਨ ਹਲੀਮੀ ਦਾ ਪੱਲੜਾ ਜਦ ਜਾਣ-ਬੁੱਝ ਕੇ ਛੱਡਦੇ
ਬਹਿਸਬਾਜ਼ੀ ਦੇ ਕੰਡੇ ਰਿਸ਼ਤਿਆਂ ਨੂੰ ਜ਼ਖ਼ਮੀ ਕਰਦੇ
ਆਓ ਜ਼ਿੰਦਗੀ ਦੇ ਬਾਗ਼ ਦੀ ਤੀਮਾਰਦਾਰੀ ਕਰੀਏ
ਇਸ ਤੋਂ ਪਹਿਲਾਂ ਕਿ ਰਿਸ਼ਤਿਆਂ ਨੂੰ ਖੇਰੂੰ ਹੁੰਦਾ ਜਰੀਏ

- ਸੁੱਖੀ ਬਾਠ



*ਸੁਖੀ + ਕਹਾਵਤ = ਸੁਖਾਵਤ

* ਸੁਖਾਵਤ #107

ਮਾਂ ਨੇ ਪਰਦੇਸ ਜਾਂਦੇ ਵਕਤ ਮੈਨੂੰ ਅਸੀਸ ਦਿੱਤੀ,
ਬੱਚਾ ਤੂੰ ਕੰਮ ਕਾਰ ਵਿੱਚ ਏਨਾ ਨਾ ਰੁਝ ਜਾਵੇਂ,
ਕਿ ਜ਼ਿੰਦਗੀ ਜਿਉਣਾ ਹੀ ਭੁੱਲ ਜਾਵੇਂ।
ਏਨਾ ਵਿਦਵਾਨ ਨਾ ਹੋ ਜਾਵੇਂ ਕਿ ਸਧਾਰਣ ਬੰਦੇ ਦੀ ਗੱਲ
ਨਾ ਸਮਝ ਸਕੇਂ। ਏਨਾ ਸਫ਼ਲ ਨਾ ਹੋ ਜਾਵੇਂ ਕਿ
ਅਸਫ਼ਲ ਹੋਏ ਲੋਕਾਂ ਨੂੰ ਨਫ਼ਰਤ ਕਰਨ ਲੱਗ ਪਵੇਂ।
ਅਤੇ, ਏਨਾ ਵੱਡਾ ਨਾ ਹੋ ਜਾਵੇਂ ਕਿ ਤੇਰੇ ਲੋਕ,
ਤੇਰਾ ਸੱਭਿਆਚਾਰ ਅਤੇ ਤੇਰੀ ਬੋਲੀ ਤੈਨੂੰ ਬੌਣੇ ਲੱਗਣ !

- ਸੁੱਖੀ ਬਾਠ



*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #108

ਕੁਝ ਦਿੱਤਾ ਵੀ ਹੈ ਕੁਦਰਤ ਨੂੰ
ਕਦੀ ਇਕਾਂਤ 'ਚ ਜਾ ਕੇ ਸੋਚੀਏ
ਰਿਸ਼ਤਾ ਜੋ ਟੁੱਟਿਆ ਇਸ ਨਾਲ਼ੋਂ
ਮੁੜ ਗੰਢਣ ਦੇ ਲਈ ਲੋਚੀਏ

- ਸੁੱਖੀ ਬਾਠ



*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #109

ਔਕੜਾਂ ਜਦ ਵੀ ਘੇਰਾ ਪਾਵਣ, ਸੋਚ ਜ਼ਰਾ
ਹਾਲਾਤ ਹੋ ਸਕਦੇ ਸਨ ਹੋਰ ਵੀ ਬਦਤਰ
ਇਨ੍ਹਾਂ ਬਾਰੇ ਸੋਚਣਾ ਛੱਡ ਦੇ
ਇੰਨ੍ਹਾਂ ਵਿੱਚ ਛੁੱਪੀ ਹੋਈ ਹੈ ਬਰਕਤ

- ਸੁੱਖੀ ਬਾਠ



*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #110

ਪਿਆਰ ਕਰਨਾ, ਬਿਨਾਂ ਸ਼ਰਤ ਕਰਨਾ ਅਤੇ ਦਿਲ ਤੋਂ ਕਰਨਾ,
ਸ਼ਖਸੀਅਤ ਦੇ ਵਿਕਾਸ ਦੇ ਤਿੰਨ ਮੀਲ ਪੱਥਰ, ਵਿਸ਼ੇਸ਼
ਮਨੁੱਖਤਾ ਦੀ ਸੇਵਾ ਕਰਨ ਦੀ ਮੰਜ਼ਿਲ ਦਿਖਾਉਂਦੇ
ਮੇਰੀ ਪਿਆਰੀ ਸਵਰਗੀ ਮਾਂ ਦਾ, ਇਹ ਸੀ ਸੰਦੇਸ਼

- ਸੁੱਖੀ ਬਾਠ



*ਸੁਖੀ + ਕਹਾਵਤ = ਸੁਖਾਵਤ

*** ਸੁਖਾਵਤ #111**

"ਮਨ ਦਾ ਸੁਹਜ, ਸਿਰੜ ਅਤੇ ਮੇਹਨਤ
ਸਕੂਨ ਹੈ ਅੰਤ ਲਿਆਉਂਦਾ ਸਿਦਕ
ਨਾਲੇ ਜੀਵਨ ਵਿੱਚ ਵਿਚਰਣ ਲਈ ਰਿਜ਼ਕ"

- ਸੁੱਖੀ ਬਾਠ



## * ਸੁਖਾਵਤ #112

*ਸੁਖੀ + ਕਹਾਵਤ = ਸੁਖਾਵਤ

ਦੁੱਖ ਸੁੱਖ ਆਉਂਦੇ ਰਹਿਣ ਸਦਾ
ਕਰਮਾਂ ਦੇ ਲਿਬਾਸ ਪਹਿਨ
ਸਾਡੇ ਤਨ ਮਨ ਦੀਆਂ
ਹੱਦਾਂ ‘ਤੇ ਜੂਹਾਂ ਤੇ....

ਜੇ ਲੰਘ ਰਹੇ ਹੋ ਤੁਸੀਂ ਕਿਸੇ
ਔਖੇ ਸਮੇਂ ਵਿੱਚੋਂ
ਰੱਖੋ ਵਿਸ਼ਵਾਸ, ਡੋਲ ਨਾ ਜਾਣਾ
ਸੌਖਾ ਸਮਾਂ ਵੀ ਹੈ, ਬਰੂੰਹਾਂ ਤੇ

- ਸੁੱਖੀ ਬਾਠ



## * ਸੁਖਾਵਤ #113

*ਸੁਖੀ + ਕਹਾਵਤ = ਸੁਖਾਵਤ

ਕਸਰਤ ਜ਼ਰੂਰੀ ਹੈ ਸਿਹਤ ਲਈ
ਜੀਵਨ 'ਚ ਲਿਆਵੇ ਖੁਸ਼ੀ ਸਥਾਈ
ਛੱਡੋ ਨਾ ਕਸਰਤ ਕਿਸੇ ਕੀਮਤ 'ਤੇ
ਜੇ ਬੋਝ ਨਹੀਂ ਬਣਨਾ ਕਿਸੇ 'ਤੇ ਭਾਈ

- ਸੁੱਖੀ ਬਾਠ





# ਵਪਾਰ ਅਤੇ ਕਾਰੋਬਾਰ ਪ੍ਰਬੰਧਨ ਕਹਾਵਤਾਂ

*** ਸੁਖਾਵਤ #114**

*ਸੁਖੀ + ਕਹਾਵਤ = ਸੁਖਾਵਤ

ਜਿਸ ਦਾ ਗਾਹਕ ਰਾਜ਼ੀ ਹੋ ਗਿਆ
ਉਸ ਦਾ ਰੱਬ ਵੀ ਰਾਜ਼ੀ ਹੋ ਗਿਆ...
ਵਪਾਰ ਦੇ ਮੱਕੇ ਫਿਰ ਕੀ ਜਾਣਾ
ਦੁਕਾਨ 'ਤੇ ਬੈਠਾ ਹੀ, ਹਾਜੀ ਹੋ ਗਿਆ...

- ਸੁੱਖੀ ਬਾਠ



## * ਸੁਖਾਵਤ #115

*ਸੁਖੀ + ਕਹਾਵਤ = ਸੁਖਾਵਤ

ਕਾਰੋਬਾਰ ਨਵਾਂ ਸ਼ੁਰੂ ਜੇ ਕਰਨਾ
ਫ਼ਾਇਦਾ ਕਮਿਊਨਟੀ ਨੂੰ ਵੀ ਦਿਵਾਓ
ਜੇ ਕੌਮ ਨੂੰ ਵੀ ਕੁਝ ਦੇਣਾ ਚਾਹੋ
ਕਾਰੋਬਾਰੀ ਕੰਮ ‘ਚ ਤੁਰੰਤ ਜੁੱਟ ਜਾਓ

- ਸੁੱਖੀ ਬਾਠ




*ਸੁੱਖੀ + ਕਹਾਵਤ = ਸੁਖਾਵਤ

## * ਸੁਖਾਵਤ #116

ਦਫਤਰ ਤੋਂ ਵਾਪਸੀ ਵੇਲੇ ਕਦਮਾਂ ਨੂੰ
ਘਰ ਵਿੱਚ ਜਦ ਦੋਸਤੋ ਪਾਓ
ਦਫਤਰ ਦੇ ਕੰਮ ਦਾ ਹਰ ਫ਼ਿਕਰ
ਪਿੱਛੇ ਹੀ ਛੱਡ ਆਓ...

ਸਮਾਂ ਹੈ ਇਹ ਬੈਠ ਕੇ ਗੁਜ਼ਾਰਨ ਦਾ
ਪਰਵਾਰ ਤੇ ਨੰਨ੍ਹੇ ਬੱਚਿਆਂ ਨਾਲ
ਰੱਬ ਦੇ ਦਿੱਤੇ ਸੋਹਣੇ ਘਰ 'ਚ ਹੱਸੋ ਅਤੇ ਖੇਡੋ,
ਜ਼ਿੰਦਗੀ ਦਾ ਹੁਣ ਤੁਸੀਂ ਲੁਤਫ਼ ਉੱਠਾਓ...

- ਸੁੱਖੀ ਬਾਠ




* ਸੁਖਾਵਤ #117

*ਸੁਖੀ + ਕਹਾਵਤ = ਸੁਖਾਵਤ

ਸਫਲਤਾ ਲਈ ਕਈ ਮਹੱਤਵਪੂਰਨ ਮਾਪ-ਦੰਡਾਂ ਵਿੱਚੋਂ
ਆਤਮ ਵਿਸ਼ਵਾਸ ਦਾ ਆਉਂਦਾ ਹੈ ਵੀਰੋ, ਨੰਬਰ ਪਹਿਲਾ
ਪ੍ਰਭਾਵਸ਼ਾਲੀ ਸੰਚਾਰ ਦੇ ਨਾਲ ਨਾਲ ਜਾਗਰੂਕਤਾ ਵਧਾਉਣਾ
ਮਿਥਣਾ ਯਥਾਰਥਵਾਦੀ ਟੀਚਿਆਂ ਨੂੰ, ਹੋਵੇ ਨਹਿਲੇ ਉੱਤੇ ਦਹਿਲਾ

- ਸੁੱਖੀ ਬਾਠ



*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #118

"ਇਮਾਨਦਾਰੀ ਤੇ ਨਿਡਰਤਾ ਜਿਵੇਂ ਹੋਣ ਸੱਕੀਆਂ ਭੈਣਾਂ
ਕਾਰੋਬਾਰੀ ਦੇ ਰਾਹ ਚੱਲਣ, ਪਾਈ ਬਾਹਵਾਂ ਵਿੱਚ ਬਾਹਵਾਂ
ਕੰਮ ਕਰਨ ਦੀ ਸਮਰੱਥਾ ਦੂਣੀ ਚੌਣੀ ਹੋ ਹੋ ਪੈਂਦੀ
ਬੰਦਾ ਕਹੇ ਕਾਰੋਬਾਰ ਦੇ ਮੈਦਾਨ, ਵਾਂਗ ਘੋੜੇ ਦੌੜਦਾ ਜਾਵਾਂ

- ਸੁੱਖੀ ਬਾਠ"




*ਸੁਖੀ + ਕਹਾਵਤ = ਸੁਖਾਵਤ

## * ਸੁਖਾਵਤ #119

"ਕੋਈ ਵੱਡਾ ਕਾਰੋਬਾਰੀ ਟੀਚਾ ਪ੍ਰਾਪਤ ਕਰਨਾ ਹਾਥੀ ਦੇ ਪੈਰ ਦੇ ਨਿਸ਼ਾਨ ਵਾਂਗ ਹੁੰਦਾ ਹੈ; ਜਿਸ ਤਰ੍ਹਾਂ ਛੋਟੇ ਪੈਰਾਂ ਦੇ ਸਭ ਨਿਸ਼ਾਨ ਹਾਥੀ ਦੇ ਪੈਰ ਦੇ ਨਿਸ਼ਾਨ ਹੇਠ ਸਮਾ ਜਾਂਦੇ ਹਨ, ਠੀਕ ਉਸੇ ਤਰ੍ਹਾਂ ਨਿੱਕੇ ਨਿੱਕੇ ਸਾਰੇ ਟੀਚੇ ਵੱਡੇ ਟੀਚੇ ਵਿੱਚ ਆ ਜਾਂਦੇ ਹਨ।"

- ਸੁੱਖੀ ਬਾਠ




## * ਸੁਖਾਵਤ #120

*ਸੁਖੀ + ਕਹਾਵਤ = ਸੁਖਾਵਤ

ਹੁਣ ਤੋਂ ਦਸਾਂ ਸਾਲਾਂ ਬਾਅਦ,
ਅਸੀਂ ਕਿੱਥੇ ਹੋਣਾ ਚਾਹਾਂਗੇ
ਕਨੇਡਾ ਵਿੱਚ ਏਦਾਂ ਸੋਚ ਕੇ ਲੋਕ
ਯੋਜਨਾਵਾਂ ਨੂੰ ਨੇ ਉਲੀਕਦੇ

ਸਵੇਰ ਨੂੰ ਉੱਠ ਕੇ ਸੋਚਣਾ
ਅੱਜ ਕੀ ਕਰਨਾ ਹੈ
ਕਰਨਾ ਵੀ ਹੈ ਕਿ ਨਹੀਂ ਕਰਨਾ,
ਖਵਰੇ ਪੰਜਾਬ 'ਚ ਲੋਕ ਕ੍ਰਿਨੂ ਨੇ ਉਡੀਕਦੇ

- ਸੁੱਖੀ ਬਾਠ






# ਲੇਖਕ ਦੀਆਂ ਲੋਕ-ਅਰਪਣ ਹੋ ਚੁਕੀਆਂ ਪੰਜਾਬੀ ਪੁਸਤਕਾਂ

## ਲੇਖਕ ਦੀਆਂ ਲੋਕ-ਅਰਪਣ ਹੋ ਚੁਕੀਆਂ ਪੰਜਾਬੀ ਪੁਸਤਕਾਂ








# ਲੇਖਕ ਦੀਆਂ ਆਉਣ ਵਾਲੀਆਂ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਕਿਤਾਬਾਂ

## ਲੇਖਕ ਦੀਆਂ ਆਉਣ ਵਾਲੀਆਂ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਕਿਤਾਬਾਂ













## ਲੇਖਕ ਦੀਆਂ ਆਉਣ ਵਾਲੀਆਂ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਕਿਤਾਬਾਂ











## ਲੇਖਕ ਦੀਆਂ ਆਉਣ ਵਾਲੀਆਂ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਕਿਤਾਬਾਂ















# ਲੇਖਕ ਦੀਆਂ ਕੁਝ ਸਵੈ-ਪ੍ਰਕਾਸ਼ਿਤ ਅੰਗਰੇਜ਼ੀ ਪੁਸਤਕਾਂ


## ਸਵੈ-ਪ੍ਰਕਾਸ਼ਿਤ ਅੰਗਰੇਜ਼ੀ ਪੁਸਤਕਾਂ




## ਸਵੈ-ਪ੍ਰਕਾਸ਼ਿਤ ਅੰਗਰੇਜ਼ੀ ਪੁਸਤਕਾਂ





# ਹਵਾਲੇ

- ਸੁੱਖੀ ਬਾਠ ਨਾਲ ਵਿਸ਼ੇਸ਼ ਮੁਲਾਕਾਤ- ਇਕ ਮਸ਼ਹੂਰ ਕੈਨੇਡਾ ਵਾਸੀ ਸਮਾਜ ਸੇਵਕ ਅਤੇ ਪਰਉਪਕਾਰੀ (ਫ਼ਿਲਾਂਥਰੋਪਿਸਟ) - ਜੱਗ ਬਾਣੀ ਦੀ ਯੂਟਿਊਬ ਵੀਡੀਓ।

- ਵੈਨਕੂਵਰ ਦਾ ਅਮੀਰ ਅਤੇ ਮਸ਼ਹੂਰ | ਐਪੀਸੋਡ -੨ , ਸ਼ੇਰ ਪੰਜਾਬ ਦੀ ਯੂਟਿਊਬ ਵੀਡੀਓ।

- ਜਾਣੋਂ, ਟੈਕਸੀ ਡਰਾਇਵਰ ਕਿੰਝ ਬਣਿਆ ਕੈਨੇਡਾ ਦਾ ਅਰਬਪਤੀ - ਜੱਗ ਬਾਣੀ ਦੀ ਯੂਟਿਊਬ ਵੀਡੀਓ।

- ਐੱਨ ਆਰ ਆਈ ਦੁਨੀਆ I ਸੁੱਖੀ ਬਾਠ ਮੋਟਰਜ਼ - ਐੱਨ ਆਰ ਆਈ, ਵਰਲਡ ਕੈਨੇਡਾ, ਪੀਟੀਸੀ ਨਿਊਜ਼ ਦੀ ਯੂਟਿਊਬ ਵੀਡੀਓ।

- ਟਰੱਕ ਸੈਂਟਰ ਖੋਲ੍ਹ ਸੁੱਖੀ ਬਾਠ ਨੇ ਗੱਡੇ ਝੰਡੇ, ਕੈਨੇਡਾ 'ਚ ਮਨਾ ਰਹੇ ਨੇ ਪਹਿਲੀ ਵਰ੍ਹੇਗੰਢ! ਸਾਂਝਾ ਟੀਵੀ -ਦੀ ਯੂਟਿਊਬ ਵੀਡੀਓ।

- ਸੁੱਖੀ ਬਾਠ ਗਰੁੱਪ ਆਫ਼ ਕੰਪਨੀਜ਼ ਦੇ ਪ੍ਰੈਜ਼ੀਡੈਂਟ ਅਤੇ ਸੀ. ਈ. ਓ. ਨਾਲ ਖ਼ਾਸ ਮੁਲਾਕਾਤ- ਚੜ੍ਹਦੀਕਲਾ ਟਾਈਮ ਟੀਵੀ ਦੀ ਯੂਟਿਊਬ ਵੀਡੀਓ।

- ਸੁੱਖੀ ਬਾਠ | ਸਾਡਾ ਟਾਈਮ | ਚੈਨਲ ਪੰਜਾਬੀ - ਦੀ ਯੂਟਿਊਬ ਵੀਡੀਓ।

- ਸੁੱਖੀ ਬਾਠ ਨੇ ਦੱਸਿਆ ਕਿ ਕੋਵਿਡ-19 ਨੇ ਕਿਵੇਂ ਉਸ ਦੀ ਸੋਚ ਨੂੰ ਬਦਲਿਆ - ਦੀ ਹਰਪ੍ਰੀਤ ਸਿੰਘ ਸ਼ੋਅ , ਅਕਾਲ ਟੀਵੀ ਦੀ ਯੂਟਿਊਬ ਵੀਡੀਓ।

- ਪੰਜਾਬੀ ਯੂਨੀਵਰਸਿਟੀ ਵਿਚ ਸੁੱਖੀ ਬਾਠ - ਚੜ੍ਹਦੀਕਲਾ ਟਾਈਮ ਟੀਵੀ ਦੀ ਯੂਟਿਊਬ ਵੀਡੀਓ।
- ਪ੍ਰਾਈਮ ਟਾਈਮ ਵਿਦ ਬੈਨੀਪਾਲ ਵਿਚ ਬੈਨੀਪਾਲ ਜੀ ਸ੍ਰੀ ਸੁੱਖੀ ਬਾਠ ਅਤੇ ਸ੍ਰੀ ਕਵਿੰਦਰ ਚਾਂਦ ਜੀ ਦੀ ਇੰਟਰਵਿਊ ਲੈ ਰਹੇ ਹਨ - ਪ੍ਰਾਈਮ ਟਾਈਮ, ਕੈਨੇਡਾ ਦੀ ਯੂਟਿਊਬ ਵੀਡੀਓ।
- ਰਣਬੀਰ ਸਿੰਘ ਸੰਧੂ ਦੀ ਸੁੱਖੀ ਬਾਠ ਨਾਲ ਖ਼ਾਸ ਮੁਲਾਕਾਤ - ਚੜ੍ਹਦੀਕਲਾ ਟਾਈਮ ਟੀਵੀ ਦੀ ਯੂਟਿਊਬ ਵੀਡੀਓ।
- ਸੁੱਖੀ ਬਾਠ ਪੰਜਾਬ ਭਵਨ 2018 - ਅਕਾਲ ਟੀਵੀ ਦੀ ਯੂਟਿਊਬ ਵੀਡੀਓ।
- ਸੁੱਖੀ ਬਾਠ - ਅਕਾਲ ਟੀਵੀ, ਦੀ ਹਰਪ੍ਰੀਤ ਸਿੰਘ ਸ਼ੋਅ ਦੀ ਯੂਟਿਊਬ ਵੀਡੀਓ।
- ਸੁੱਖੀ ਬਾਠ ਸੇਵਾ ਕਲੱਬ -੧, ਅਕਾਲ ਟੀਵੀ, ਦੀ ਹਰਪ੍ਰੀਤ ਸਿੰਘ ਸ਼ੋਅ ਦੀ ਯੂਟਿਊਬ ਵੀਡੀਓ।
- ਸੁੱਖੀ ਬਾਠ ਪੰਜਾਬ ਵਿਚ ਪਰਉਪਕਾਰ (ਫ਼ਿਲਾਂਥਰੋਪੀ)-ਅਕਾਲ ਟੀਵੀ, ਦੀ ਹਰਪ੍ਰੀਤ ਸਿੰਘ ਸ਼ੋਅ ਦੀ ਯੂਟਿਊਬ ਵੀਡੀਓ।
- ਪੰਜਾਬ ਭਵਨ ਵਾਲੇ ਸੁੱਖੀ ਬਾਠ ਨਾਲ ਖੁੱਲ੍ਹੀਆਂ ਗੱਲਾਂ- ਬਲਜੀਤ ਬੱਲੀ , ਬਾਬੂਸ਼ਾਹੀ ਟਾਈਮਜ਼ ਦੀ ਯੂਟਿਊਬ ਵੀਡੀਓ।



# ਸਹਿਯੋਗੀ, ਜਿਨ੍ਹਾਂ ਤੇ ਮੈਨੂੰ ਮਾਣ ਹੈ


ਸਭ ਤੋਂ ਪਹਿਲਾਂ ਮੈਂ ਪ੍ਰਮਾਤਮਾ ਦਾ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ, ਜਿਸ ਨੇ ਮੈਨੂੰ ਇਕ ਸੋਸਿਓਲੋਜਿਸਟ (ਸਮਾਜ ਸਾਸ਼ਤਰੀ), ਮੋਨੋਗ੍ਰਾਫਰ ਅਤੇ ਨਿਮਾਣਾ ਜਿਹਾ ਕਵੀ  ਬਣਾਇਆ ਅਤੇ ਸਮਾਜ ਲਈ ਚੰਗੇ ਕੰਮ ਕਰਨ ਵਾਲਿਆਂ ਦੀ ਕਦਰ ਕਰਨ ਦੀ ਚੇਤਨਾ ਬਖ਼ਸ਼ੀ ਹੈ। ਮੈਂ ਆਪਣੀ ਕਵਿਤਾ ਅਤੇ ਵਾਰਤਕ ਦੁਆਰਾ ਉਨ੍ਹਾਂ ਦੇ ਯੋਗਦਾਨ ਦੀ ਪ੍ਰਸ਼ੰਸਾ ਅਤੇ ਉਨ੍ਹਾਂ ਲਈ ਆਪਣਾ ਮਾਣ ਵਿਅਕਤ ਕੀਤੇ ਬਿਨਾ ਨਹੀਂ ਰਹਿ ਸਕਦਾ। ਮੈਂ ਆਪਣੇ ਪਰਿਵਾਰ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਸੁੱਖੀ ਬਾਠ ਹੁਰਾਂ ਦੀ ਅਸਾਧਾਰਨ ਸ਼ਖ਼ਸੀਅਤ ਤੇ ਮੇਰੀ ਵਿਸਤ੍ਰਿਤ  ਖੋਜ ( EXTENSIVE RESEARCH)  ਜਿਸ ਨੂੰ ਮੈਂ ਤਿੰਨ ਸਾਲ ਪਹਿਲਾਂ ਸ਼ੁਰੂ ਕੀਤਾ ਸੀ, ਨੂੰ ਪੂਰਾ ਕਰਨ ਦੌਰਾਨ ਧੀਰਜ ਰੱਖਿਆ ਅਤੇ ਮੇਰਾ ਸਮਰਥਨ ਕੀਤਾ ਕਿਉਂਕਿ ਮੈਂ ਕੰਪਿਊਟਰ ਅੱਗੇ ਤੇ ਆਈਫ਼ੋਨ 'ਤੇ ਘੰਟਿਆਂ ਬੱਧੀ ਕਿਤਾਬ ਦਾ ਕੰਮ ਕਰਦਾ ਰਹਿੰਦਾ। ਮੇਰੇ ਬੱਚਿਆਂ ਦੇ ਇਹ ਸ਼ਬਦ " ਪਾਪਾ, ਤੁਸੀਂ ਇਸ ਕਿਤਾਬ ਵਿੱਚ ਆਪਣਾ ਪੂਰਾ ਦਿਲ ਪਾ ਦਿੱਤਾ ਹੈ " ਮੈਨੂੰ ਬਹੁਤ ਖੁਸ਼ੀ ਦਿੰਦੇ ਹਨ।

ਮੈਂ ਉਹਨਾਂ ਸਾਰੇ ਸੋਸ਼ਲ ਮੀਡੀਆ ਚੈਨਲਾਂ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਸੁੱਖੀ ਬਾਠ ਹੁਰਾਂ ਦੀਆਂ ਇੰਟਰਵਿਊਜ਼ ਲਈਆਂ ਅਤੇ ਉਹਨਾਂ ਬਾਰੇ ਜਾਣਕਾਰੀ ਇਕੱਠੀ ਕਰਨ ਲਈ ਮੇਰੇ ਕੰਮ ਨੂੰ ਆਸਾਨ ਬਣਾਇਆ। ਇਸ ਪੁਸਤਕ ਨੂੰ ਸੰਪੂਰਨ ਕਰਨ ਲਈ ਸਮੇਂ-ਸਮੇਂ 'ਤੇ ਲੋੜੀਂਦੀ ਜਾਣਕਾਰੀ ਦੇਣ ਲਈ ਮੈਂ ਸੁੱਖੀ ਬਾਠ ਜੀ ਦਾ ਵੀ ਬਹੁਤ ਧੰਨਵਾਦੀ ਹਾਂ। ਮੈਂ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਹੁਰਾਂ ਦਾ ਸੰਪਾਦਨ ਸਹਿਯੋਗ ਦੇਣ ਲਈ ਅਤਿ ਧੰਨਵਾਦੀ ਹਾਂ । ਅਖੀਰ ਵਿਚ ਮੈਂ ਉਨ੍ਹਾਂ ਸਾਰੇ ਸਹਿਯੋਗੀ ਕਵੀਆਂ ਅਤੇ ਪਿਆਰਿਆਂ ਜਿਨ੍ਹਾਂ 'ਤੇ ਮੈਨੂੰ ਮਾਣ ਹੈ, ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੇ ਸਿੱਧੇ-ਅਸਿੱਧੇ ਤੌਰ ’ਤੇ (ਖ਼ਾਸ ਤੌਰ ਤੇ ਇੰਦਰਜੀਤ ਕੁਮਾਰ, ਪ੍ਰੋ: ਸੁਰਿੰਦਰ ਸੀਰਤ) ਮੇਰੀ ਮਦਦ ਕੀਤੀ ਤਾਂਕਿ ਇਸ ਪੁਸਤਕ ਦੇ ਪ੍ਰਕਾਸ਼ਨ ਦਾ ਕੰਮ ਨੇਪਰੇ ਚੜ੍ਹ ਸਕੇ।



# ਬੇਦਾਅਵਾ ਘੋਸ਼ਣਾ

ਹਾਲਾਂਕਿ ਪ੍ਰਕਾਸ਼ਕ ਅਤੇ ਲੇਖਕ ਨੇ ਇਹ ਯਕੀਨੀ ਬਣਾਉਣ ਦੀ ਪੂਰੀ ਕੋਸ਼ਿਸ਼ ਕੀਤੀ ਹੈ ਕਿ ਇਸ ਪੁਸਤਕ ਵਿਚਲੀ ਜਾਣਕਾਰੀ, ਪ੍ਰਕਾਸ਼ਨ ਵਾਪਰਣ ਸਮੇਂ ਸਹੀ ਹੋਵੇ ਪਰੰਤੂ ਫਿਰ ਵੀ ਪ੍ਰਕਾਸ਼ਕ ਅਤੇ ਲੇਖਕ ਇਸ ਲਈ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਹਨ। ਇਹ ਪ੍ਰਕਾਸ਼ਨ ਪਾਠਕ ਲਈ ਜਾਣਕਾਰੀ ਦੇ ਸਰੋਤ ਵਜੋਂ ਹੈ, ਸਿੱਧੇ ਮਾਹਿਰ ਸਹਾਇਤਾ ਦੇ ਬਦਲ ਵਜੋਂ ਨਹੀਂ ਹੈ। ਜੇਕਰ ਅਜਿਹੇ ਪੱਧਰ ਦੀ ਸਹਾਇਤਾ ਦੀ ਲੋੜ ਹੈ, ਤਾਂ ਕਿਸੇ ਯੋਗ ਪੇਸ਼ੇਵਰ ਦੀਆਂ ਸੇਵਾਵਾਂ ਲਈਆਂ ਜਾਣੀਆਂ ਚਾਹੀਦੀਆਂ ਹਨ। ਇਸ ਕਿਤਾਬ ਵਿੱਚ ਪ੍ਰਦਾਨ ਕੀਤੀ ਗਈ ਜਾਣਕਾਰੀ ਸਿਰਫ਼ ਜਾਣਕਾਰੀ ਦੇ ਉਦੇਸ਼ਾਂ ਲਈ ਹੈ ਅਤੇ ਪੇਸ਼ ਕੀਤੀ ਗਈ ਸਮੱਗਰੀ ਦੇ ਸਬੰਧ ਵਿੱਚ ਸਲਾਹ ਜਾਂ ਕ੍ਰੈਡਿਟ ਵਿਸ਼ਲੇਸ਼ਣ ਦਾ ਇੱਕ ਸਰੋਤ ਬਣਨ ਦਾ ਇਰਾਦਾ ਨਹੀਂ ਹੈ। ਇਹ ਕਿਸੇ ਕਿਸਮ ਦੀ ਬਿਮਾਰੀ ਜਾਂ ਸਾਹਿਤਕ ਸਮੱਸਿਆ ਵਗੈਰਾ ਹੱਲ ਕਰਨ ਲਈ ਨਹੀਂ ਹੈ। ਤੁਸੀਂ ਨਤੀਜਿਆਂ, ਕਾਰਵਾਈਆਂ ਅਤੇ ਤੁਹਾਡੇ ਆਪਣੇ ਵਿਕਲਪਾਂ ਲਈ ਖ਼ੁਦ ਜਵਾਬਦੇਹ ਹੋ। ਲੇਖਕ ਜਾਂ ਪ੍ਰਕਾਸ਼ਕ ਕਿਸੇ ਵੀ ਸਰੀਰਕ, ਮਨੋਵਿਗਿਆਨਕ, ਇਤਫ਼ਾਕਨ, ਨਤੀਜੇ ਵਜੋਂ ਜਾਂ ਹੋਰ ਕਮੀ ਲਈ ਜਵਾਬਦੇਹ ਨਹੀਂ ਹੋਵੇਗਾ। ਸੁੱਖੀ ਬਾਠ ਹੁਰਾਂ ਉੱਪਰ ਲਿਖੀਆਂ ਕਹਾਵਤਾਂ, ਹੋਰ ਲੇਖ ਅਤੇ ਕਵਿਤਾਵਾਂ ਦਾ ਕੋਈ ਵੀ ਹਿੱਸਾ ਲੇਖਕ ਦੀ ਇਜਾਜ਼ਤ ਤੋਂ ਬਿਨਾਂ ਨਹੀਂ ਵਰਤਿਆ ਜਾ ਸਕਦਾ। ਲੇਖਕ ਅਤੇ ਪ੍ਰਕਾਸ਼ਕ ਇੱਥੇ ਵਿਸ਼ਾ ਵਸਤੂ ਦੀ ਗਲਤੀਆਂ, ਭੁੱਲਾਂ ਜਾਂ ਵਿਪਰੀਤ ਵਿਆਖਿਆ ਲਈ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਹਨ। ਜੇਕਰ ਇਸ ਵਿੱਚ ਅਜਿਹੀ ਕੋਈ ਚੀਜ਼, ਹੋਰ ਕਵਿਤਾਵਾਂ, ਗੀਤਾਂ, ਪੋਸਟਾਂ ਆਦਿ ਨਾਲ ਮਿਲਦੀ-ਜੁਲਦੀ ਜਾਂ ਸਬੰਧਤ ਹੈ, ਤਾਂ ਇਹ ਕੇਵਲ ਇੱਕ ਸੰਜੋਗ ਹੈ।



ਦੋਸਤੋ, ਉਮੀਦ ਹੈ ਕਿ ਤੁਸੀਂ ਇਸ ਮਹਾਨ ਪਰਿਵਰਤਨਕਾਰੀ ਸਮਾਜ ਸੇਵੀ ਹਸਤੀ (ਸ. ਸੁੱਖੀ ਬਾਠ) ਦੇ ਮੋਨੋਗ੍ਰਾਫ/ਜੀਵਨੀ ਨੂੰ ਪੜ੍ਹ ਕੇ ਭਰਪੂਰ ਆਨੰਦ ਮਾਣਿਆ ਹੋਵੇਗਾ।

ਕਹਿੰਦੇ ਹਨ ਕਿ ਇੱਕ ਪਾਠਕ ਮਰਨ ਤੋਂ ਪਹਿਲਾਂ ਹਜ਼ਾਰਾਂ ਜ਼ਿੰਦਗੀਆਂ ਜੀਉਂਦਾ ਹੈ। . . ਜਿਹੜਾ ਬੰਦਾ ਕਦੇ ਨਹੀਂ ਪੜ੍ਹਦਾ ਉਹ ਸਿਰਫ਼ ਇੱਕ ਹੀ ਜ਼ਿੰਦਗੀ ਜੀਉਂਦਾ ਹੈ। ਇਸ ਲਈ ਪੜ੍ਹਦੇ ਰਹੋ, ਖ਼ਾਸ ਤੌਰ ਤੇ ਪ੍ਰਭਾਵਸ਼ਾਲੀ ਸ਼ਖ਼ਸੀਅਤਾਂ ਦੀਆਂ ਜੀਵਨੀਆਂ, ਤਾਂ ਜੋ ਅਸੀਂ ਉਹਨਾਂ ਦੇ ਗੁਣਾਂ ਨੂੰ ਆਪਣੇ ਅੰਦਰ ਗ੍ਰਹਿਣ ਕਰਨ ਦੀ ਕੋਸ਼ਿਸ਼ ਕਰਕੇ ਆਲੇ ਦੁਆਲੇ ਦੇ ਸੰਸਾਰ ਨੂੰ ਖੁਸ਼ਹਾਲ ਬਣਾਉਣ ਵਿਚ ਆਪਣਾ ਬਣਦਾ ਯੋਗਦਾਨ ਪਾ ਸਕੀਏ। ਕਿਰਪਾ ਕਰ ਕੇ ਇਸ ਕਿਤਾਬ ਨੂੰ ਪੜ੍ਹਨ ਦਾ ਸੁਝਾਅ ਆਪਣੇ ਦੋਸਤਾਂ ਅਤੇ ਸੱਕੇ- ਸੰਬੰਧੀਆਂ ਤੱਕ ਵੀ ਪਹੁੰਚਾਓ।

ਤਹਿ ਦਿਲੋਂ ਸਤਿਕਾਰ 'ਤੇ ਦੁਆਵਾਂ ਸਹਿਤ,

ਐਸ਼ ।